Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 138
D.O.P.
10 Mar. 2021



ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭਾਈ ਮਨੀ ਸਿੰਘ ਜੀ ਕੋਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਵਾਉਂਦੇ ਹੋਏ



ਧੰਨ ਧੰਨ ਮਾਤਾ ਭਾਗ ਕੌਰ ਜੀ

ਹਿੰਮਤ ਤੇ ਦਲੇਰੀ ਦੇ ਧਾਰਨੀ ਜਿਨ੍ਹਾਂ ਨੇ ਧਰਮ ਅਤੇ ਕੌਮ ਵਾਸਤੇ ਆਪਾ ਵਾਰਿਆ ਅਤੇ ਜੋ ਬੇਦਾਵਾ ਦੇ ਆਏ 40 ਸਿੰਘਾਂ ਨੂੰ ਪ੍ਰੇਰਨਾ ਦੇ ਕੇ ਦਸ਼ਮੇਸ਼ ਪਿਤਾ ਜੀ ਕੋਲ ਲਿਆਂਦਾ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ
## ਸ੍ਰਿਸ਼ਟੀ ਦੀ ਚਾਦਰ ਭਗਤੀ ਲਹਿਰ ਦੇ ਸੰਬੰਧ ਵਿੱਚ ਬੱਚਿਆਂ ਲਈ ਵਿਸ਼ੇਸ਼ ਉਪਰਾਲਾ

# ਲਿਖਣ ਭਗਤੀ ਸਮਾਗਮ

**ਬੱਚਿਆਂ ਦੇ ਸਿਲੇਬਸ ਦਾ ਵੇਰਵਾ**

**ਸਮਾਗਮ ਦੀ ਅਰਦਾਸ 9 ਮਈ 2021 ਸ਼ਾਮ 6.30 ਵਜੇ ਹੋਵੇਗੀ ।**

8 ਸਾਲ ਦੀ ਉਮਰ ਤੱਕ 6500 ਵਾਰੀ ਵਾਹਿਗੁਰੂ ਲਿਖਣਾ ਜੀ
15 ਸਾਲ ਦੀ ਉਮਰ ਤੱਕ 13000 ਵਾਰੀ ਵਾਹਿਗੁਰੂ ਲਿਖਣਾ ਜੀ
25 ਸਾਲ ਦੀ ਉਮਰ ਤੱਕ 21000 ਵਾਰੀ ਵਾਹਿਗੁਰੂ ਲਿਖਣਾ ਜੀ

**8 ਮਈ 2021 ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ** ਤੱਕ ਆਪਣੀ ਉਮਰ ਦੇ ਮੁਤਾਬਿਕ ਸਿਲੇਬਸ ਪੂਰਾ ਕਰਕੇ ਹੇਠਾਂ ਦਿੱਤੇ ਨੰਬਰਾਂ ਵਿੱਚੋਂ ਕਿਸੇ ਇੱਕ ਨੰਬਰ ਤੇ ਬੱਚੇ ਨੇ ਕਿੰਨਾ ਜਾਪ ਲਿਖਿਆ ਹੈ ਉਸਦੇ ਪਹਿਲੇ ਪੇਜ ਨੂੰ ਹੀ **Whatsapp** ਕਰਨਾ ਹੈ ।

**9876525833, 9876525850, 7009960500, 9876121532**

**ਵਿਦੇਸ਼ਾਂ ਦੇ ਬੱਚੇ ਇਸ ਨੰਬਰ 001 301 653 3800 ਤੇ Whatsapp ਕਰਨ ਜੀ ।**

**ਜ਼ਰੂਰੀ ਬੇਨਤੀਆਂ :**

1. ਵਾਹਿਗੁਰੂ ਜਾਪ ਲਿਖਣ ਦੇ ਨਾਲ ਬੱਚਿਆਂ ਨੂੰ ਵਿਸ਼ੇਸ਼ ਬੇਨਤੀ ਹੈ ਕਿ ਕਾਪੀ ਦੇ ਦੂਜੇ ਅਤੇ ਤੀਜੇ ਪੇਜ ਤੇ ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਿਸ-ਜਿਸ ਅਸਥਾਨ ਤੇ ਚਰਨ ਪਏ ਹਨ ਉਨ੍ਹਾਂ ਵਿੱਚੋਂ ਕੋਈ 9 ਗੁਰਦੁਆਰਾ ਸਾਹਿਬਾਨ ਦਾ ਨਾਮ ਅਤੇ ਹਰੇਕ ਗੁਰਦੁਆਰਾ ਸਾਹਿਬ ਦੇ ਇਤਿਹਾਸ ਨੂੰ 2 ਜਾਂ 3 ਲਾਈਨਾਂ ਵਿੱਚ ਲਿਖਣਾ ਹੈ ਜੀ।
2. ਸਤਿਕਾਰ ਪ੍ਰਾਪਤ ਕਰਨ ਵੇਲੇ ਵਾਹਿਗੁਰੂ ਲਿਖੀ ਹੋਈ ਕਾਪੀ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ ਜੀ। ਕਾਪੀ ਜਮ੍ਹਾਂ ਕਰਵਾਉਣ ਉਪਰੰਤ ਹਰੇਕ ਬੱਚੇ ਨੂੰ ਵਿਸ਼ੇਸ਼ ਸਤਿਕਾਰ ਦਿੱਤਾ ਜਾਵੇਗਾ।
3. ਬੱਚੇ ਕਿਸੇ ਵੀ ਭਾਸ਼ਾ ਵਿੱਚ ਵਾਹਿਗੁਰੂ ਜਾਪ ਲਿਖ ਸਕਦੇ ਹਨ ਜੀ।
4. ਜੇਕਰ ਕੋਈ ਬੱਚਾ 1 ਤੋਂ ਵੱਧ ਨੰਬਰ ਤੇ **Whatsapp** ਕਰ ਦਿੰਦਾ ਹੈ ਤਾਂ ਉਸਦਾ ਇਨਾਮ/ਸਤਿਕਾਰ ਕੈਂਸਲ ਹੋ ਜਾਵੇਗਾ।

**ਪਹਿਲੇ ਪੇਜ ਦੀ ਫੋਟੋ Whatsapp ਕਰਨ ਦਾ ਤਰੀਕਾ**

ਬੱਚੇ ਦਾ ਨਾਮ ..................................
ਪਿਤਾ ਦਾ ਨਾਮ ..................................
ਬੱਚੇ ਦੀ ਉਮਰ ..................................
ਘਰ ਦਾ ਪੂਰਾ ਪਤਾ ..............................
ਵਾਹਿਗੁਰੂ ਜਾਪ ਦੀ ਗਿਣਤੀ ....................
ਮੋਬਾਇਲ ਨੰਬਰ ..................................

**ਨੋਟ:**
ਵਧੇਰੇ ਜਾਣਕਾਰੀ ਵਾਸਤੇ
ਮੋ: 9876525800
ਸਮਾਂ ਦੁਪਹਿਰ 2.00 ਤੋਂ 4.00
ਵਿੱਚ ਸੰਪਰਕ ਕਰ ਸਕਦੇ ਹੋ ।

ਵੱਲੋਂ: ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ ।
ਦਾਸਨ ਦਾਸ: ਭਾਈ ਗੁਰਇਕਬਾਲ ਸਿੰਘ ਅਤੇ ਸਮੂੰਹ ਸਹਿਯੋਗੀ

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-138ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

ਕੰਪਿਊਟਰ: ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਚੌਦਵਾਂ ਭਾਗ- ਧੰਨ ਧੰਨ ਮਾਤਾ ਭਾਗ ਕੌਰ ਜੀ 5
ਮੈਨੂੰ ਜ਼ਰੂਰ ਪੜ੍ਹੋ 16
ਜ਼ਿੰਦਗੀ ਦੀਆਂ ਬਰੀਕੀਆਂ 17
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 19
ਅਧਿਆਤਮਿਕ ਵਿਚਾਰਾਂ 23
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 24
ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ
ਭਾਈ ਸਾਹਿਬ ਭਾਈ ਮਨੀ ਸਿੰਘ ਜੀ 26
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 35
400 ਸਾਲ ਗੁਰ ਇਤਿਹਾਸ ਦੇ ਨਾਲ 37
ਅਨਮੋਲ ਬਚਨ 39
होली एवं होला महल्ला 40
श्री आनंदपुर साहिब की धरती पर
क्या–क्या कौतुक हुए? 44
ज़िंदगी की बारीकियाँ 51
From- 'Honourable Ladies'
Dhan Dhan Bebe Nanaki Ji 53
Which are the Ten Sins? 58

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਦੇ ਕਾਲਮਾਂ ਵਿੱਚ ਪਿਛਲੇ ਵਰ੍ਹੇ ਤੋਂ ਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਸ਼ਤਾਬਦੀ ਦੇ ਮੌਕੇ ਤੇ ਵੱਖ-ਵੱਖ ਲਿਖਤਾਂ ਰਾਹੀਂ ਪਿਤਾ ਜੀ ਦੇ ਸਿਧਾਂਤਾਂ ਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਸੰਗਤਾਂ ਤੱਕ ਪਹੁੰਚਾਉਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਜਾ ਰਿਹਾ ਹੈ। ਅੰਦਰੋਂ ਤਮੰਨਾ ਇਹੀ ਹੈ ਕਿ ਪਿਤਾ ਜੀ ਨੂੰ ਇਸ ਜਨਮ ਵਿੱਚ ਪਹਿਚਾਣ ਲਈਏ। ਜੇ ਕਸ਼ਮੀਰੀ ਪੰਡਿਤਾਂ ਨੇ ਪਹਿਚਾਣ ਲਿਆ, ਉਨ੍ਹਾਂ ਨੇ ਪਿਤਾ ਜੀ ਦੀ ਸ਼ਰਨ ਲਈ ਤੇ ਅਸੀਂ ਕਿਤੇ ਪਿਤਾ ਜੀ ਨੂੰ ਪਹਿਚਾਣਨ ਵਿੱਚ ਪਿੱਛੇ ਨਾ ਰਹਿ ਜਾਈਏ।

ਵਾਰਾਨਸੀ ਜਾਓ ਤੇ ਉੱਥੇ ਗੁਰਦੁਆਰਾ ਸਾਹਿਬ ਹੈ, ਗੁਰਦੁਆਰਾ ਬੜੀ ਸੰਗਤ ਸਾਹਿਬ, ਨੀਚੀ ਬਾਗ। ਨੌਵੇਂ ਪਾਤਸ਼ਾਹ ਜੀ ਦੇ ਸਮੇਂ ਉੱਥੇ ਰਹਿੰਦੇ ਸਨ, ਭਾਈ ਕਲਿਆਣ ਦਾਸ ਜੀ। ਉਮਰ ਵਡੇਰੀ ਹੋਣ ਕਾਰਨ ਸ੍ਰੀ ਅਨੰਦਪੁਰ ਸਾਹਿਬ ਜਾਣਾ ਔਖਾ ਸੀ ਤੇ ਅੰਦਰੋਂ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ! ਕ੍ਰਿਪਾ ਕਰੋ, ਮੇਰੇ ਘਰ ਚਰਨ ਪਾਓ, ਦਰਸ਼ਨ ਬਖਸ਼ੋ। ਅੰਦਰੋਂ ਸ਼ਰਧਾ ਵੀ ਹੈ, ਪ੍ਰੇਮ ਵੀ ਹੈ ਪਰ ਹਾਲੇ ਮਨ ਪੂਰਾ ਵਿਕਿਆ ਨਹੀਂ, ਪਹਿਚਾਣ ਨਹੀਂ ਹੋਈ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਸੰਸਾਰ ਨੂੰ ਤਾਰਦੇ ਹੋਏ ਵਾਰਾਨਸੀ ਪਹੁੰਚੇ ਤੇ ਭਾਈ ਕਲਿਆਣ ਦਾਸ ਦੇ ਘਰ ਰਾਤ ਦਾ ਟਿਕਾਣਾ ਕੀਤਾ। ਉਸ ਦੀ ਅਰਦਾਸ ਕਬੂਲ ਹੋਈ। ਅੰਮ੍ਰਿਤ ਵੇਲਾ ਹੋਇਆ ਤੇ ਪਿਤਾ ਜੀ ਨੇ ਕਿਹਾ, ਭਾਈ ਕਲਿਆਣ ਦਾਸ ਅੰਮ੍ਰਿਤ ਵੇਲਾ ਹੋ ਗਿਆ ਹੈ, ਜਲ ਦਾ ਇੰਤਜ਼ਾਮ ਕਰੋ, ਅਸੀਂ ਇਸ਼ਨਾਨ ਕਰਨਾ ਹੈ। ਭਾਈ ਕਲਿਆਣ ਦਾਸ ਜੀ ਦੇ ਮਨ ਵਿੱਚ ਉਸ ਸਮੇਂ ਕੀ ਆਇਆ? ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਬਨਾਰਸ ਆਏ ਹਨ ਤੇ ਨੌਵੇਂ ਪਾਤਸ਼ਾਹ ਜੀ ਵੀ ਗੰਗਾ ਵਿੱਚ ਇਸ਼ਨਾਨ ਕਰਕੇ ਆਪਣੇ ਭਾਗ ਬਣਾ ਲੈਣ। ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਆਪ ਜੀ ਬਨਾਰਸ ਆਏ ਹੋ ਤੇ ਗੰਗਾ ਵਿੱਚ ਇਸ਼ਨਾਨ ਕਰ ਆਓ। ਦੂਰ-ਦੁਰਾਡੇ ਤੋਂ ਆ ਕੇ ਲੋਕੀਂ ਇੱਥੇ ਇਸ਼ਨਾਨ ਕਰਦੇ ਹਨ। ਤੁਸੀਂ ਕੁਦਰਤੀ ਆਏ ਹੋ ਤੇ ਇਸ਼ਨਾਨ ਕਰ ਆਓ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿਣ ਲੱਗੇ, ਭਾਈ ਕਲਿਆਣ ਦਾਸ, ਇੱਥੇ ਹੀ ਠੀਕ ਹੈ, ਸਾਡੇ ਲਈ ਜਲ ਦਾ ਇੰਤਜ਼ਾਮ ਕਰੋ, ਸਮਾਂ ਲੰਘਦਾ ਜਾ ਰਿਹਾ ਹੈ। ਦੂਜੀ ਵਾਰ ਫਿਰ ਬੇਨਤੀ ਕੀਤੀ ਕਿ ਗੰਗਾ ਜਾ ਕੇ ਇਸ਼ਨਾਨ ਕਰ ਆਓ ਪਰ ਨੌਵੇਂ ਪਾਤਸ਼ਾਹ ਜੀ ਨੇ ਤੀਜੀ ਵਾਰ ਫਿਰ ਕਿਹਾ, ਅੰਮ੍ਰਿਤ ਵੇਲੇ ਦਾ ਸਮਾਂ ਲੰਘਦਾ ਜਾ ਰਿਹਾ ਹੈ, ਇੱਥੇ ਹੀ ਇਸ਼ਨਾਨ ਕਰ ਲਈਏ। ਹੁਣ ਇੱਥੇ ਕੀ ਬਰੀਕੀ ਹੈ? ਸਮਾਂ ਲੰਘਦਾ ਜਾ ਰਿਹਾ ਹੈ। ਪਿਤਾ ਜੀ ਦਾ ਇਸ਼ਾਰਾ, ਅੰਮ੍ਰਿਤ ਵੇਲੇ ਦਾ ਇੱਕ-ਇੱਕ ਪਲ ਕੀਮਤੀ ਹੈ, ਇਸ ਨੂੰ ਵਿਅਰਥ ਨਹੀਂ ਗੁਆਉਣਾ। ਇਸ ਦੇ ਇੱਕ-ਇੱਕ ਪਲ ਨੂੰ ਸੰਭਾਲਣਾ ਹੈ। ਪਿਤਾ ਜੀ ਨੇ ਤੀਜੀ ਵਾਰ ਕਿਹਾ ਕਿ ਸਮਾਂ ਲੰਘਦਾ ਜਾ ਰਿਹਾ ਹੈ, ਭਾਈ ਜਲ ਦਾ ਇੰਤਜ਼ਾਮ ਕਰੋ। ਜਦੋਂ ਫਿਰ ਭਾਈ ਕਲਿਆਣ ਦਾਸ ਨੇ ਕਿਹਾ ਬਿਲਕੁਲ ਨਜ਼ਦੀਕ ਗੰਗਾ ਵਗਦੀ ਹੈ ਸਤਿਗੁਰੂ ਜੀ ਇਸ਼ਨਾਨ ਕਰ ਆਓ ਤੇ ਪਿਤਾ ਜੀ ਦੇ ਮੁੱਖ ਤੋਂ ਬਚਨ ਨਿਕਲਿਆ, ਫਿਰ ਗੰਗਾ ਕੀ ਜਾਣਾ ਹੈ, ਗੰਗਾ ਨੂੰ ਹੀ ਇੱਥੇ ਬੁਲਾ ਲੈਂਦੇ ਹਾਂ। ਮਹਾਰਾਜ ਜੀ ਨੇ ਧਰਤੀ ਤੇ ਤੀਰ ਮਾਰਿਆ ਤੇ ਗੰਗਾ ਪ੍ਰਗਟ ਹੋ ਗਈ, ਇੱਕ ਚਸ਼ਮਾ ਫੁੱਟ ਪਿਆ। ਭਾਈ ਕਲਿਆਣ ਦਾਸ ਨੇ ਜਦੋਂ ਇਹ ਪ੍ਰਤੱਖ ਕੌਤਕ ਦੇਖਿਆ ਤੇ ਚਰਨਾਂ ਤੇ ਡਿੱਗ ਪਿਆ। ਬੇਨਤੀ ਕੀਤੀ, ਪਾਤਸ਼ਾਹ ਜੀ! ਬਖਸ਼ ਲਓ, ਆਪ ਜੀ ਨੂੰ ਪਹਿਚਾਨਣ ਵਿੱਚ ਮੈਂ ਭੁੱਲ ਕਰ ਗਿਆ ਹਾਂ। ਇਹ ਸਾਰੇ ਦੇਵੀ ਦੇਵਤੇ, ਨਦੀਆਂ, ਗੱਲ ਕੀ ਸਾਰੀ ਸ੍ਰਿਸ਼ਟੀ ਹੀ ਤੇਰੇ ਹੁਕਮ ਵਿੱਚ ਹੈ। ਮੈਨੂੰ ਬਖਸ਼ ਲਓ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ, ਕ੍ਰਿਪਾਲੂ ਪਿਤਾ ਜੀ ਨੇ ਮਿਹਰ ਦੀ ਨਿਗ੍ਹਾ ਕੀਤੀ ਤੇ ਹੁਕਮ ਕੀਤਾ, ਗੰਗਾ ਨੂੰ ਕਿ ਹੁਣ ਇੱਥੇ ਖੂਹ ਦੇ ਰੂਪ ਵਿੱਚ ਰਹਿ। ਅੱਜ ਵੀ ਜਾਓ, ਗੁਰਦੁਆਰਾ ਬੜੀ ਸੰਗਤ ਸਾਹਿਬ, ਨੀਚੀ ਬਾਗ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਹਾਲ ਦੇ ਅੰਦਰ ਹੀ ਇਹ ਖੂਹ ਹੈ ਤੇ ਨਿਰਮਲ ਜਲ ਅੱਜ ਵੀ ਉੱਥੋਂ ਨਿਕਲਦਾ ਹੈ। ਇਹ ਸਾਖੀ ਤੋਂ ਕੀ ਪ੍ਰੇਰਨਾ ਮਿਲਦੀ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਰਗਾ ਪਿਤਾ ਮਿਲਿਆ ਹੈ ਜਿਨ੍ਹਾਂ ਦੇ ਹੁਕਮ ਵਿੱਚ ਸਾਰਾ ਕੁਝ ਹੈ, ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ ਹੈ ਤੇ ਕਿਤੇ ਅਸੀਂ ਪਹਿਚਾਨਣ ਵਿੱਚ ਪਿੱਛੇ ਨਾ ਰਹਿ ਜਾਈਏ।

ਇਹ ਪਾਵਨ ਸ਼ਤਾਬਦੀ ਮਨਾਉਂਦਿਆਂ ਅਰਦਾਸ ਕਰੀਏ, ਹੇ ਸੱਚੇ ਪਾਤਸ਼ਾਹ ਜੀ! ਕਿਰਪਾ ਕਰੋ, ਇਹ ਜੀਵਨ ਆਪ ਜੀ ਦੀ ਕਿਰਪਾ ਨਾਲ ਹੀ ਆਪ ਦਾ ਬਣਦਿਆਂ ਅਖੀਰਲੇ ਸਵਾਸਾਂ ਤੱਕ ਨਿਭ ਜਾਵੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਦਵਾਂ ਭਾਗ- ਧੰਨ ਧੰਨ ਮਾਤਾ ਭਾਗ ਕੌਰ ਜੀ

## ਮਾਈ ਭਾਗੋ ਜੀ (ਮਾਤਾ ਭਾਗ ਕੌਰ ਜੀ) ਨੇ ਬਚਪਨ ਵਿੱਚ ਹੀ ਕਿਹੜੇ ਚਾਰ ਗੁਣ ਧਾਰਨ ਕੀਤੇ ਸੀ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ–"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਦਵਾਂ ਭਾਗ– ਧੰਨ ਧੰਨ ਮਾਤਾ ਭਾਗ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

**—ਸੰਪਾਦਕ**

---

ਗੁਰੂ ਸਾਹਿਬ ਦੀ ਕਿਰਪਾ ਨਾਲ ਜੋ ਪ੍ਰਕਰਣ ਚੱਲ ਰਿਹਾ ਹੈ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਆਓ ਪਹਿਲਾਂ ਸਾਰੇ ਸ਼ਬਦ ਪੜ੍ਹੀਏ :

***ਮਃ ੧॥***

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥***

*(ਅੰਗ ੪੭੩)*

ਉੱਚਾ ਸੁੱਚਾ ਘਰ, ਗੁਰੂ ਨਾਨਕ ਮਹਾਰਾਜ ਜੀ ਦਾ ਹੈ। ਧਿਆਨ ਦੇਣਾ, ਇਸ ਘਰ ਵਿੱਚ ਕਰਮਾਂ ਦੀ ਪੜ੍ਹਾਈ ਨਹੀਂ ਚੱਲਦੀ, ਸਿੱਖ ਅੰਦਰੋਂ ਧੰਨ ਗੁਰੂ ਨਾਨਕ ਮਹਾਰਾਜ ਜੀ ਅੱਗੇ ਡਿੱਗ ਪਵੇ ਤੇ ਮਾੜੇ ਕਰਮ ਵੀ ਧੰਨ ਗੁਰੂ ਨਾਨਕ ਮਹਾਰਾਜ ਜੀ ਆਪਣੇ ਚਰਨਾਂ ਵਿੱਚ ਲੈ ਲੈਂਦੇ ਹਨ। ਇਹ ਉਹ ਘਰ ਹੈ। ਸਾਰੀ ਸੰਗਤ ਨੂੰ ਬੇਨਤੀ ਹੈ, ਕੋਸ਼ਿਸ਼ ਕਰੋ ਇਹ ਪੜ੍ਹਾਈ ਕਰਿਆ ਕਰੋ। ਕਿਹੜੀ ਪੜ੍ਹਾਈ?

***ਕਹੁ ਨਾਨਕ ਹਮ ਨੀਚ ਕਰੰਮਾ ॥***
***ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥***

*(ਅੰਗ ੧੨)*

ਡਾਹਢੀ ਪਿਆਰੀ ਪੜ੍ਹਾਈ ਹੈ। ਆਪਣੇ ਆਪ ਨੂੰ ਗੁਰੂ ਸਾਹਿਬ ਦੀ ਸ਼ਰਨ ਵਿੱਚ ਸਮਰਪਿਤ ਕਰ ਦੇਣਾ। ਮਹਾਂਪੁਰਸ਼ ਦੱਸਦੇ ਸੀ, ਗੁਰੂ ਸਾਹਿਬ ਕੋਲ ਦੋ ਰਾਹ ਹਨ। ਜਦੋਂ ਤੁਸੀਂ ਆਪਣੇ ਆਪ ਨੂੰ ਗੁਰੂ

ਸਾਹਿਬ ਦੀ ਸ਼ਰਨ ਵਿੱਚ ਸਮਰਪਿਤ ਕਰ ਦਿੰਦੇ ਹੋ, ਹੋ ਸਕਦਾ ਹੈ, ਗੁਰੂ ਸਾਹਿਬ ਤੇਰੇ ਮਾੜੇ ਕਰਮਾਂ ਨੂੰ ਆਪਣੇ ਚਰਨਾਂ ਵਿੱਚ ਲੈ ਲੈਣ ਜਾਂ ਹੋ ਸਕਦਾ ਹੈ, ਗੁਰੂ ਸਾਹਿਬ ਤੇਰੇ ਮਾੜੇ ਕਰਮ ਸੁਪਨੇ ਵਿੱਚ ਕੱਟ ਦੇਣ। ਆਹ ਪੜ੍ਹਾਈ ਕਰਨੀ ਹੈ :

***ਸਰਨਿ ਪਰੇ ਕੀ ਰਾਖੁ ਦਇਆਲਾ ॥***
***ਨਾਨਕ ਤੁਮਰੇ ਬਾਲ ਗੁਪਾਲਾ ॥੪੮॥***

*(ਅੰਗ ੨੬੦)*

ਇੱਕ ਸ਼ਬਦ ਹੋਰ ਹੈ:

***ਸਨਕ ਸਨੰਦ ਮਹੇਸ ਸਮਾਨਾਂ ॥***
***ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥***
***ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥***
***ਹਨੂਮਾਨ ਸਰਿ ਗਰੁੜ ਸਮਾਨਾਂ ॥***
***ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥***
***ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥***
***ਕਮਲਾਪਤਿ ਕਵਲਾ ਨਹੀ ਜਾਨਾਂ ॥੩॥***

*(ਅੰਗ ੬੯੧)*

ਇਸ ਸ਼ਬਦ ਦਾ ਫਿਰ ਨਿਚੋੜ ਹੈ :

***ਕਹਿ ਕਬੀਰ ਸੋ ਭਰਮੈ ਨਾਹੀ ॥***
***ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥***

*(ਅੰਗ ੬੯੧-੬੯੨)*

ਇਹ ਸਭ ਤੋਂ ਵੱਡੀ ਪੜ੍ਹਾਈ ਹੈ। ਜਿਹੜਾ ਉਸ ਦੀ ਸ਼ਰਨ ਵਿੱਚ ਅੰਦਰੋਂ ਡਿੱਗ ਪੈਂਦਾ ਹੈ, ਉਸ ਦੇ ਸਾਰੇ ਭਰਮਣ ਦੇ ਕਰਮ ਜਿਹੜੇ ਹਨ, ਉਹ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਕੱਟ ਦਿੰਦਾ ਹੈ। ਪਗ ਕਿਹਾ ਹੈ, ਚਰਨਾਂ ਨੂੰ। ਸਾਡਾ ਗੁਰੂ ਹੀ ਸਾਡੇ ਲਈ ਰਾਮ ਹੈ, ਘਟ-ਘਟ ਵਿੱਚ ਵਸ ਰਿਹਾ ਹੈ। ਸਾਡੇ ਲਈ ਧੰਨ ਗੁਰੂ ਨਾਨਕ ਮਹਾਰਾਜ ਜੀ, ਕਲਗੀਧਰ ਪਿਤਾ ਜੀ ਹੀ ਘਟ-ਘਟ ਵਿੱਚ ਵਸੇ ਹੋਏ ਹਨ। ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਸ਼ਰਨ ਪਇਆਂ ਦੇ ਕਰਮ ਸੁਪਨੇ ਵਿੱਚ ਕੱਟ ਦਿੰਦਾ ਹੈ, ਚਰਨਾਂ ਵਿੱਚ ਲੈ ਲੈਂਦਾ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਪਿਆਰ ਵਿੱਚ ਸਾਰੀ ਸੰਗਤ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ:

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਇਹ ਵੀ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਨੂੰ ਮਾਣ ਹੈ। ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਚੌਦਵੇਂ ਭਾਗ ਦੀ ਵਾਰੀ ਹੈ। ਇਸ ਅੰਕ ਵਿੱਚ ਅਸੀਂ ਦਰਸ਼ਨ ਕਰਨੇ ਹਨ:

***ਧੰਨ ਧੰਨ ਮਾਈ ਭਾਗੋ ਜੀ।***

ਜਿਨ੍ਹਾਂ ਨੇ ਬੇਦਾਵਾ ਲਿਖਣ ਵਾਲੇ ਸਿੰਘਾਂ ਦੀ ਵੀ ਬੈਟਰੀ ਚਾਰਜ ਕਰ ਦਿੱਤੀ। ਸਿਰ ਤੇ ਹੱਥ ਰੱਖ ਕੇ ਸੇਵਾ ਲੈਣਾ ਜੀ। ਇੱਕ ਵਾਰੀ ਪੜ੍ਹੋ ਪਿਆਰ ਨਾਲ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਇਹ ਮਾਈ ਭਾਗੋ ਜੀ ਦਾ ਬਚਪਨ ਦਾ ਨਾਂ ਲਿਖਿਆ ਹੈ, ਭਾਗੋ ਜੀ। ਜਦੋਂ ਗੁਰੂ ਵਾਲੇ ਬਣ ਗਏ ਤੇ ਫਿਰ ਨਾਂ ਲਿਖਿਆ ਹੈ, ਮਾਤਾ ਭਾਗ ਕੌਰ ਜੀ।

ਇਹ ਮਾਤਾ ਭਾਗ ਕੌਰ ਜੀ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਪਿੰਡ ਝਬਾਲ ਵਿਖੇ ਹੋਇਆ। ਪਿਤਾ ਜੀ ਦਾ ਨਾਂ, ਭਾਈ ਮਾਲੋ ਸ਼ਾਹ ਜੀ। ਮਾਈ ਭਾਗ ਕੌਰ ਜੀ ਦਾ ਵਿਆਹ ਪੱਟੀ ਹੋਇਆ ਹੈ। ਝਬਾਲ ਤੋਂ ਪੱਟੀ। ਹਰ ਇੱਕ ਬੰਦੇ ਦੀ ਜ਼ਿੰਦਗੀ ਵਿੱਚ ਕੋਈ ਇਹੋ ਜਿਹੀ ਰੂਹ, ਇਹੋ ਜਿਹੀ ਸੰਗਤ ਮਿਲਦੀ ਹੈ ਜਿਸ ਦੁਆਰਾ ਉਸ ਨੂੰ ਰੰਗ ਲੱਗਦਾ ਹੈ। ਜਦੋਂ ਚਾਰ ਪੰਜ ਇਤਿਹਾਸਕਾਰਾਂ ਦੀਆਂ ਕਿਤਾਬਾਂ ਪੜ੍ਹ ਕੇ ਦਾਸ ਨੇ ਵੇਖਿਆ ਕਿ ਮਾਈ ਭਾਗੋ ਜੀ ਨੂੰ ਰੰਗ ਕਿੱਥੋਂ ਲੱਗਾ ਹੈ? ਫਿਰ ਪਤਾ ਲੱਗਾ ਮਾਈ ਭਾਗੋ ਜੀ ਨੂੰ ਰੰਗ ਲੱਗਾ ਹੈ, ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਤੋਂ। ਦੋ-ਤਿੰਨ ਇਤਿਹਾਸਕਾਰਾਂ ਨੇ ਲਿਖਿਆ ਹੈ, ਬੀਬੀ ਵੀਰੋ ਜੀ ਦਾ ਵਿਆਹ ਝਬਾਲ ਹੋਇਆ ਸੀ, ਉੱਥੇ ਗੁਰਦੁਆਰਾ ਸਾਹਿਬ ਹੈ, ਜਿਨ੍ਹਾਂ ਦੇ ਰਿਸ਼ਤੇ ਨਹੀਂ ਹੁੰਦੇ, ਵਿਆਹ ਨਹੀਂ ਹੁੰਦੇ, ਅੱਜ ਵੀ ਉੱਥੇ ਸ਼ਰਧਾ ਭਾਵਨਾ ਨਾਲ ਜਾਣ, ਮਨ ਨੀਵਾਂ ਕਰਕੇ ਅਰਦਾਸ ਕਰਨ, ਭਾਵਨਾਵਾਂ ਪੂਰੀਆਂ ਹੁੰਦੀਆਂ ਹਨ। ਝਬਾਲ ਬੀਬੀ ਵੀਰੋ ਜੀ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਹੈ ਜਿੱਥੇ ਸਾਰੇ ਅਨੰਦ ਕਾਰਜ, ਵਿਆਹ ਦੇ ਸਾਰੇ ਕਾਰਜ ਹੋਏ।

ਇਹ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ, ਬੀਬੀਓ ਕੁਝ ਗੁਣ ਲੈਣਾ, ਇਸ ਤਰ੍ਹਾਂ ਦਾ ਯਤਨ ਕਰਿਓ। ਬੀਬੀ ਵੀਰੋ ਜੀ ਨੇ ਇੱਕ ਲਹਿਰ ਚਲਾਈ, ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਨੇ। ਇਲਾਕੇ ਦੀਆਂ ਨਾਰੀਆਂ ਨੂੰ ਅਗਾਂਹ ਵੱਧਣ ਲਈ ਆਪਣੇ ਪੈਰ੍ਹਾਂ ਤੇ ਆਪ ਖੜ੍ਹੀਆਂ ਹੋਣ ਲਈ, ਇੱਕ ਲਹਿਰ ਚਲਾਈ। ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਈ ਭਾਗੋ ਜੀ ਵੀ, ਉਸੇ ਲਹਿਰ ਵਿੱਚੋਂ ਇਹ ਫੁੱਲ ਨਿਕਲਿਆ। ਅਰਦਾਸ ਕਰਿਓ, ਗਰੀਬ ਨਿਵਾਜ! ਸਾਡੇ ਤੇ ਵੀ ਕਿਰਪਾ ਕਰਿਓ। ਕਿਸੇ ਲਹਿਰ ਰਾਹੀਂ ਜੀਵਨ ਬਦਲ ਦਿਓ, ਕਿਸੇ ਬਖਸ਼ੇ ਰਾਹੀਂ ਜੀਵਨ ਬਦਲ ਦਿਓ, ਕੋਈ ਚੰਗਾ ਸੰਗ ਬਖਸ਼ ਕੇ ਜੀਵਨ ਬਦਲ ਦਿਓ। ਸੱਚੇ ਪਾਤਸ਼ਾਹ ਜੀ! ਡੋਰੀ ਆਪ ਜੀ ਦੇ ਹੱਥ ਹੈ, ਬਿੱਧ ਬਣਾ ਦੇਣਾ।

ਪਿੱਛੇ ਜਿਹੇ ਦਾਸ ਕਿਸੇ ਪਿੰਡ ਕੀਰਤਨ ਕਰਨ ਗਿਆ ਸੀ ਤੇ ਇੱਕ ਸਰੀਰ ਦੇਖਿਆ ਜਿਸਦਾ ਦਾਹੜਾ ਨਾਭੀ ਤੱਕ, ਇੰਨਾ ਖੁੱਲ੍ਹਾ ਤੇ ਉੱਤੇ ਗਾਤਰਾ ਪਾਇਆ। ਜਿਹੜੇ ਪ੍ਰਬੰਧਕ ਪ੍ਰੋਗਰਾਮ ਕਰਵਾ ਰਹੇ ਸਨ, ਉਨ੍ਹਾਂ ਨੇ ਦਾਸ ਨੂੰ ਦੱਸਿਆ ਕਿ ਇਹ ਸਰੀਰ 47 ਬੰਦੇ ਅੰਮ੍ਰਿਤ ਛਕਣ ਲਈ ਤਿਆਰ ਕਰਕੇ ਲਿਆਇਆ ਹੈ, ਜਿਹੜੇ ਅਜ ਨਿਗੁਰੇ ਤੋਂ ਗੁਰੂ ਵਾਲੇ ਬਣ ਰਹੇ ਹਨ। ਉਦੋਂ ਤਕਰੀਬਨ 250-300 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਸੀ ਤੇ 47 ਬੰਦੇ ਉਹ ਸਰੀਰ ਤਿਆਰ ਕਰਕੇ ਲਿਆਇਆ ਸੀ। ਪ੍ਰੋਗਰਾਮ ਦੀ ਸਮਾਪਤੀ ਹੋ ਗਈ। ਜਿੱਥੇ ਦੀਵਾਨ ਸੀ, ਉਸ ਦੇ ਸਾਹਮਣੇ ਘਰ ਹੀ ਦਾਸ ਪਰਸ਼ਾਦਾ ਛਕ ਰਿਹਾ ਸੀ, ਉਹ ਸਰੀਰ ਉੱਥੇ ਆ ਗਿਆ। ਜਦੋਂ ਉਸ ਨੇ ਪਰਸ਼ਾਦਾ ਛਕਣ ਵੇਲੇ ਗੱਲ ਸੁਣਾਈ, ਆਪਣੀ ਜੇਬ ਵਿੱਚੋਂ ਫੋਟੋ ਕੱਢ ਕੇ ਵਿਖਾਈ। ਕਹਿਣ ਲੱਗਾ ਕਿ ਦੋ-ਢਾਈ ਤਿੰਨ ਸਾਲ ਪਹਿਲਾਂ ਮੈਂ ਇਹ ਸੀ, ਸਾਧ ਸੰਗਤ ਜੀ, ਸਭ ਦਾਹੜੀ ਕੱਟੀ ਹੋਈ। ਸਿਰ ਦੇ ਵਾਲ ਵੀ। ਹੋਰ ਵੀ ਜੋ ਕਹਿ ਲਓ, ਕਈ ਕਮੀਆਂ ਤੇ ਹੁਣ ਉਸ ਦਾ ਦਾਹੜਾ ਧੁੰਨੀ ਤੱਕ। ਪਹਿਲੀ ਫੋਟੋ ਉਸਨੇ ਦਿਖਾਈ, ਤਿੰਨ ਸਾਲ ਪਹਿਲਾਂ ਗੱਲ ਹੀ ਕੁਝ ਹੋਰ। ਦਾਸ ਨੇ ਕਿਹਾ ਕਿ ਇੰਨੀ ਤਬਦੀਲੀ। ਕਿਤੇ ਰੋਮਾਂ ਦੀ ਬੇਅਦਬੀ ਤੇ ਕਿਤੇ 47 ਬੰਦੇ ਤਿਆਰ ਕਰਕੇ ਲਿਆਏ ਹੋ। ਕੋਲ ਉਸ ਦਾ ਬੱਚਾ ਖੜ੍ਹਾ ਸੀ। ਕਹਿਣ ਲੱਗਾ ਕਿ ਜੇ ਮੇਰਾ ਜੀਵਨ ਬਦਲਿਆ ਹੈ ਤੇ ਇਸੇ ਬੱਚੇ ਕਰਕੇ ਬਦਲਿਆ ਹੈ। ਜਿਹੜੇ ਪਿੱਛੇ ਜਿਹੇ ਗੁਰਬਾਣੀ ਕੰਠ ਦੇ ਨਾਲ ਲਹਿਰ ਚੱਲੀ, ਮੇਰੇ ਇਸ ਬੱਚੇ ਨੇ ਸੋਨੇ ਦਾ ਮੈਡਲ ਜਿੱਤਿਆ ਸੀ, ਬਾਣੀਆਂ ਇੰਨੀਆਂ ਕੰਠ ਕੀਤੀਆਂ ਸੀ, ਕਹਿਣ ਲੱਗਾ, ਉਸ ਦਿਨ ਤੋਂ ਮੈਨੂੰ ਇੰਨੀ ਸ਼ਰਮ ਆਈ ਕਿ ਮੇਰਾ ਬੱਚਾ ਸੋਨੇ ਦਾ ਮੈਡਲ ਜਿੱਤ ਕੇ ਲਿਆਵੇ ਤੇ ਮੇਰਾ ਸਰੂਪ

ਇਹੋ ਜਿਹਾ ਹੋਵੇ। ਸੋਨੇ ਦੇ ਮੈਡਲਾਂ ਤੱਕ ਕੋਈ-ਕੋਈ ਪਹੁੰਚਦਾ ਹੈ, ਹੀਰਿਆਂ ਤੱਕ ਤਾਂ ਵਿਰਲੇ ਹੀ ਪਹੁੰਚਦੇ ਹਨ, ਬਾਕੀ ਸਾਡੇ ਛੋਟੇ ਇਨਾਮ ਸੀ, ਲਹਿਰਾਂ ਵਿੱਚ। ਕਹਿਣ ਲੱਗਾ ਕਿ ਜਦੋਂ ਇਹ ਬੱਚਾ ਇੰਨੀ ਛੋਟੀ ਉਮਰ ਵਿੱਚ ਸੋਨੇ ਦਾ ਮੈਡਲ ਜਿੱਤ ਕੇ ਲਿਆਇਆ, ਇੰਨੀਆਂ ਬਾਣੀਆਂ ਕੰਠ ਜਿਵੇਂ ਵੀ ਉਦੋਂ ਵਿਧੀ ਬਣਾਈ ਗਈ ਸੀ, ਜਦੋਂ ਬੱਚੇ ਨੇ ਸੋਨੇ ਦਾ ਮੈਡਲ ਲਾਈਵ ਪ੍ਰੋਗਰਾਮ ਵਿੱਚ ਜਿੱਤਿਆ ਤੇ ਬੱਚੇ ਨੂੰ ਵੇਖ ਕੇ ਮੈਨੂੰ ਸ਼ਰਮ ਆ ਗਈ ਸੀ ਕਿ ਮੇਰਾ ਬੱਚਾ ਜਿਸ ਨੂੰ ਇੰਨੀਆਂ ਬਾਣੀਆਂ ਕੰਠ, ਸੋਨੇ ਦਾ ਮੈਡਲ ਜਿੱਤ ਰਿਹਾ ਹੈ ਤੇ ਤੂੰ ਬੇਅਦਬੀ ਕੀਤੀ ਹੈ। ਕਹਿਣ ਲੱਗਾ ਕਿ ਹਫਤੇ ਦੇ ਵਿੱਚ-ਵਿੱਚ ਮੈਂ ਵੀ ਗੁਰੂ ਵਾਲਾ ਬਣ ਗਿਆ। ਹੁਣ ਵੇਖ ਲਓ, ਜਿਸ ਨੂੰ ਰੱਬ ਨੇ ਬਦਲਾਉਣਾ ਹੋਵੇ, ਬੱਚੇ ਰਾਹੀਂ ਵੀ ਬਦਲਾ ਦਿੰਦਾ ਹੈ। ਜਿਸ ਨੂੰ ਰੱਬ ਨੇ Change ਕਰਨਾ ਹੋਵੇ, ਗੁਆਂਢੀ ਰਾਹੀਂ ਵੀ ਕਰ ਦਿੰਦਾ ਹੈ। ਜਿਸ ਨੂੰ ਰੱਬ ਨੇ Change ਕਰਨਾ ਹੋਵੇ, ਸਾਧ ਸੰਗਤ ਜੀ, ਕਿਸੇ ਬਖਸ਼ੇ ਰਾਹੀਂ ਵੀ ਕਰ ਦਿੰਦਾ ਹੈ, ਸੰਗਤ ਰਾਹੀਂ ਵੀ ਕਰ ਦਿੰਦਾ ਹੈ। ਅਰਦਾਸ ਕਰਿਆ ਕਰੋ।

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿੱਤ ਆਵੈ।***

ਇਹ ਦਾਸ ਪੜ੍ਹ ਕੇ ਹੈਰਾਨ ਰਹਿ ਗਿਆ, ਜਿਨ੍ਹਾਂ ਨੂੰ ਅੱਜ ਅਸੀਂ ਮਾਣ ਨਾਲ ਯਾਦ ਕਰਦੇ ਹਾਂ, ਮਾਈ ਭਾਗ ਕੌਰ ਜੀ, ਇੰਨੀ ਬੈਟਰੀ ਚਾਰਜ, ਜਿਹੜੇ ਬੇਦਾਵਾ ਲਿਖ ਕੇ ਆਏ, ਉਨ੍ਹਾਂ ਦੇ ਵੀ ਮਨ ਬਦਲਾ ਦਿੱਤੇ ਪਰ ਇੰਨ੍ਹਾਂ ਨੂੰ ਰੰਗ ਕਿੱਥੋਂ ਲੱਗਾ, ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ, ਬੀਬੀ ਵੀਰੋ ਜੀ ਤੋਂ। ਉਹ ਵੀ ਝਬਾਲ ਤੇ ਇਹ ਮਾਈ ਭਾਗੋ ਜੀ ਇਨ੍ਹਾਂ ਦਾ ਵੀ ਜਨਮ ਝਬਾਲ। ਬੀਬੀ ਵੀਰੋ ਜੀ ਦੀ ਸੰਗਤ, ਉਨ੍ਹਾਂ ਦੀ ਚਲਾਈ ਲਹਿਰ, ਉਸ ਵਿੱਚੋਂ ਮਾਈ ਭਾਗ ਕੌਰ ਜੀ ਨੂੰ ਰੰਗ ਲੱਗਾ। ਰਾਗੀ ਨੂੰ ਮਾਇਆ ਨਾਲ ਮਤਲਬ ਨਾ ਹੋਵੇ, ਪਿਆਰ ਵਿੱਚ ਸੰਗਤ ਸੁਣਨ ਆਈ ਹੈ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼, ਹਾਜ਼ਰ-ਨਾਜ਼ਰ, ਸਤਿਗੁਰੂ ਜੀ ਬਿਰਾਜਮਾਨ, ਇਹੋ ਜਿਹੀ ਜਗ੍ਹਾ ਤੇ ਸਮਝ ਲਓ, ਮਹਾਂਪੁਰਸ਼ ਦੱਸਦੇ ਸੀ ਕਿ ਕਲਗੀਧਰ ਪਿਤਾ ਜੀ ਆਪ ਹੀ ਚੌਕੜਾ ਮਾਰ ਕੇ ਬੈਠੇ ਹੁੰਦੇ ਹਨ ਤੇ ਇਸ ਲਈ ਇਤਿਹਾਸ ਸੁਣਦਿਆਂ-ਸੁਣਦਿਆਂ ਆਪਣਾ ਖਾਤਾ ਵੀ ਖੋਲ੍ਹ ਲੈਣਾ ਚਾਹੀਦਾ ਹੈ। ਮਹਾਰਾਜ ਜੀ, ਸਾਡੇ ਤੇ ਵੀ ਕਿਰਪਾ ਕਰਿਓ ਜੀ। ਇਹ ਖਾਤਾ ਖੁਲ੍ਹਵਾ ਲਓ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿੱਤ ਆਵੈ।***

ਅੱਜ ਬੀਬੀ ਕੌਲਾਂ ਜੀ ਦਾ ਨਾਮ ਹੈ, ਉਨ੍ਹਾਂ ਨੂੰ ਰੰਗ ਲਗਾਉਣ ਵਾਲੇ ਕੌਣ ਸਨ? ਸਾਈਂ ਮੀਆਂ ਮੀਰ ਜੀ ਦੀ ਸੰਗਤ। ਬਾਬਾ ਬਿਧੀ ਚੰਦ ਜੀ ਨੂੰ ਕਿੰਨੇ ਪਿਆਰ ਨਾਲ ਯਾਦ ਕਰਦੇ ਹੋ। ਪਹਿਲੀ ਗੱਲ ਕੁਝ ਹੋਰ ਸੀ। ਭਾਈ (ਬਾਬਾ) ਬਿਧੀ ਚੰਦ ਜੀ ਨੂੰ ਰੰਗ ਲਗਾਉਣ ਵਾਲੇ, ਇੱਕ ਰੰਗੇ ਗੁਰਸਿੱਖ, ਭਾਈ ਅਦਲੀ ਜੀ। ਇਹ ਇਤਿਹਾਸ ਹੈ। ਮਾਤਾ ਗੰਗਾ ਜੀ ਨੇ ਇੱਕ ਵਾਰੀ ਲਾਡ ਨਾਲ ਕਿਹਾ ਸੀ, ਬਿਧੀ ਚੰਦ ਜੀ, ਫਲਾਣਾ ਕੰਮ ਕਰਕੇ ਆਓ, ਤਾਂ ਮੰਨੀਏ। ਬਾਬਾ ਬਿਧੀ ਚੰਦ ਜੀ ਦਾ ਸੁਭਾਅ ਸੀ, ਜਿਧਰ ਜਾਣਾ ਹੈ, ਪਹਿਲਾਂ ਛੇਵੇਂ ਪਾਤਸ਼ਾਹ ਜੀ ਦੀ ਓਟ ਲੈਣੀ ਤੇ ਫਿਰ ਤੁਰਨਾ ਹੈ। ਉਹ ਕੰਮ ਕਿਹੋ ਜਿਹਾ ਸੀ, ਕਈ ਚੀਜ਼ਾਂ ਦੀਆਂ ਰਮਜ਼ਾਂ ਹਨ। ਬਾਬਾ ਬਿਧੀ ਚੰਦ ਜੀ ਓਟ ਲੈ ਕੇ ਗਏ। ਕੰਮ ਔਖਾ ਸੀ ਪਰ ਗੁਰੂ ਸਾਹਿਬ ਦੀ ਓਟ ਨਾਲ ਸੀ ਤੇ ਜਦੋਂ ਉਹ ਕੰਮ ਸੰਪੂਰਨ ਕਰਕੇ ਆਏ ਤੇ ਮਾਤਾ ਗੰਗਾ ਜੀ ਕਹਿੰਦੇ, ਜਿਹੜਾ ਕੰਮ ਤੁਹਾਡੇ ਤੋਂ ਕਰਵਾਇਆ ਹੈ, ਸਾਨੂੰ ਇਸ ਦੀ ਲੋੜ ਨਹੀਂ ਸੀ ਪਰ ਅਸੀਂ ਵੇਖਣਾ ਚਾਹੁੰਦੇ ਸੀ, ਤੁਹਾਡਾ ਗੁਰੂ ਸਾਹਿਬ ਨਾਲ ਕਿੰਨਾ ਕੁ ਪਿਆਰ

ਹੈ। ਫਿਰ ਮੁੱਖ ਵਿੱਚੋਂ ਮਾਤਾ ਗੰਗਾ ਜੀ ਨੇ ਬਚਨ ਕੀਤੇ, ਭਾਈ ਬਿਧੀ ਚੰਦ ਜੀ, ਧਰਤੀ ਤੇ ਕਿਸੇ ਸਿੱਖ ਦਾ ਕੋਈ ਕੰਮ ਰੁੱਕ ਜਾਵੇਗਾ, ਜਦੋਂ ਗੁਰਬਾਣੀ, ਸਿਮਰਨ ਦਾ ਪਹਿਰਾ ਲਗਾ ਕੇ, ਤੁਹਾਡਾ ਨਾਂ ਵਿੱਚ ਲੈ ਕੇ ਅਰਦਾਸ ਕਰੇਗਾ, ਉਸ ਦੀਆਂ ਮਨੋ-ਕਾਮਨਾਵਾਂ ਪੂਰੀਆਂ ਹੋਣਗੀਆਂ। ਕਿੰਨੇ ਨੇੜੇ ਹੋ ਗਏ, ਗੁਰੂ ਸਾਹਿਬ ਦੇ। ਜਦੋਂ ਤੁਹਾਨੂੰ ਵਿਚੋਲਾ ਪਾ ਲਵੇਗਾ, ਸਤਿਗੁਰੂ ਜੀ, ਬਾਬਾ ਬਿਧੀ ਚੰਦ ਜੀ ਦਾ ਵਾਸਤਾ ਹੈ, ਇਹ ਕਾਰਜ ਕਰਨਾ ਜ਼ਰੂਰੀ ਹੈ, ਕਰ ਦਿਓ। ਕਾਰਜ ਜ਼ਰੂਰੀ ਹੋਵੇ, ਲੋਭ ਵਾਲਾ ਨਾ ਹੋਵੇ। ਕਹਿੰਦੇ, ਜਿਹੜਾ ਫਿਰ ਤੁਹਾਨੂੰ ਕੋਈ ਵਿੱਚ ਵਿਚੋਲਾ ਪਾ ਕੇ ਅਰਦਾਸ ਕਰੇਗਾ, ਤੁਹਾਡਾ ਵਾਸਤਾ, ਮਾਤਾ ਗੰਗਾ ਜੀ ਕਹਿੰਦੇ, ਉਸ ਦੀਆਂ ਮਨੋ ਕਾਮਨਾਵਾਂ ਪੂਰੀਆਂ ਹੋਣਗੀਆਂ।

**ਮਾਤਾ ਗੰਗਾ ਜੀ ਨੇ ਮੁੱਖ 'ਚ ਬਚਨ ਕੀਤੇ, ਭਾਈ ਬਿਧੀ ਚੰਦ ਜੀ, ਧਰਤੀ ਤੇ ਕਿਸੇ ਸਿੱਖ ਦਾ ਕੋਈ ਕੰਮ ਰੁੱਕ ਜਾਵੇਗਾ, ਜਦੋਂ ਗੁਰਬਾਣੀ, ਸਿਮਰਨ ਦਾ ਪਹਿਰਾ ਲਗਾ ਕੇ, ਤੁਹਾਡਾ ਨਾਂ ਵਿੱਚ ਲੈ ਕੇ ਅਰਦਾਸ ਕਰੇਗਾ, ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ।**

ਦਾਸ ਇੱਕ ਗੱਲ ਕਰ ਰਿਹਾ ਹੈ, ਪਹਿਲਾ ਜੀਵਨ ਕੀ ਸੀ ਤੇ ਬਾਅਦ ਵਿੱਚ ਬਾਬਾ ਬਿਧੀ ਚੰਦ ਜੀ ਕਿੱਥੇ ਪਹੁੰਚ ਗਏ, ਤੁਹਾਡਾ ਨਾਂ ਲੈ ਕੇ ਕੋਈ ਅਰਦਾਸ ਕਰੇਗਾ, ਗੁਰੂ ਸਾਹਿਬ ਉਸਨੂੰ ਜ਼ਰੂਰ ਪੂਰਾ ਕਰਨਗੇ। ਇੰਨੀ ਨੇੜੇ। ਰੰਗ ਕਿੱਥੋਂ ਲੱਗਾ? ਭਾਈ ਅਦਲੀ ਜੀ ਤੋਂ। ਜਿਨ੍ਹਾਂ ਦਾ ਨਾਂ ਪਿਆਰ ਨਾਲ ਲੈਂਦੇ ਹੋ, ਭਾਈ ਲੱਖੂ ਜੀ ਜਿਨ੍ਹਾਂ ਨੇ ਕਿਹਾ ਸੀ, ਬੁੱਧੂ ਦਾ ਆਵਾ ਕੱਚਾ। ਇਹ ਧਾੜਵੀ ਸਨ। ਇਨ੍ਹਾਂ ਨੂੰ ਰੰਗ ਲਗਾਉਣ ਵਾਲੇ ਕੌਣ? ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਿਆਰਾ ਸਿੱਖ, ਭਾਈ ਪਿਰਾਣਾ ਜੀ। ਅੱਜ ਅੰਦਰੋਂ ਬੇਨਤੀਆਂ ਕਰੋ, ਮਹਾਰਾਜ ਜੀ, ਸਾਡੇ ਤੇ ਵੀ ਕਿਰਪਾ ਕਰਨਾ ਜੀ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿੱਤ ਆਵੈ।***

ਅੰਦਰੋਂ ਅਰਦਾਸ ਕਰੋ, ਕੋਈ ਪਤਾ ਨਹੀਂ, ਕਿਹੜੇ ਵੇਲੇ ਕਿਸ ਦੀ ਸੁਣੀ ਜਾਵੇ। ਇਹ ਤਾਂ ਕਹਿ ਰਹੇ ਹਾਂ ਬਾਨੀ ਵਿੱਚ ਫ਼ਰਮਾਨ ਹੈ :

***ਵਡਭਾਗੀ ਹਰਿ ਸੰਗਤਿ ਪਾਵਹਿ ॥***
***ਭਾਗਹੀਨ ਭ੍ਰਮਿ ਚੋਟਾ ਖਾਵਹਿ ॥***
***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥***

*(ਅੰਗ ੯੫)*

ਇਹ ਤਾਂ ਕਹਿ ਰਹੇ ਹਾਂ, ਮਹਾਰਾਜ ਜੀ ਮੇਰੇ ਵੀ ਵੱਡੇ ਭਾਗ ਬਣਾ ਦਿਓ। ਕਿਤਾਬ ਰਾਹੀਂ ਬਖਸ਼ਿਆਂ ਦਾ ਮੇਲ ਕਰਵਾ ਦਿਓ, ਸੀ.ਡੀ. ਰਾਹੀਂ ਕਰਵਾ ਦਿਓ, ਸਰੀਰ ਕਰਕੇ ਕਰਵਾ ਦਿਓ, ਟੀ.ਵੀ. ਰਾਹੀਂ ਕਰਵਾ ਦਿਓ, ਜਿਹੜੇ ਬਚਨਾਂ ਦੀ ਸੰਗਤ ਨਾਲ ਸੱਚੇ ਪਾਤਸ਼ਾਹ ਜੀ, ਅੰਦਰੋਂ ਨਾਮ ਦੀ ਲਿਵ ਲੱਗ ਜਾਵੇ। ਗੁਰੂ ਘਰ ਦੇ ਜਿਹੜੇ ਕਾਰਜ ਹਨ, ਉਨ੍ਹਾਂ ਵਿੱਚ ਮਹਾਰਾਜ ਜੀ, ਵਿਖਾਵਾ ਨਾ ਰਵ੍ਹੇ, ਮਨ ਮਰ ਜਾਵੇ। ਅੰਦਰੋਂ ਮਨ ਜਿਹੜਾ ਹੈ, ਉਹ ਮਰ ਜਾਵੇ। ਦਾਸ ਉਸ ਦਾ ਕੀ ਸੁਆਦ ਦੱਸੇ?

ਦਾਸ ਇਸ਼ਾਰਾ ਹੀ ਦੇ ਸਕਦਾ ਹੈ। ਧੰਨ ਗੁਰੂ ਅਮਰਦਾਸ ਜੀ ਵੇਲੇ ਜਦੋਂ ਸ੍ਰੀ ਬਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਦੀ ਸੇਵਾ ਚੱਲ ਰਹੀ ਸੀ, ਜਿਵੇਂ ਆਮ ਮਿਸਤਰੀਆਂ ਨੂੰ ਦੁਪਹਿਰ ਵੇਲੇ ਇੱਕ ਤੋਂ ਦੋ ਛੁੱਟੀ ਹੁੰਦੀ ਹੈ, ਪ੍ਰਸ਼ਾਦਾ ਛਕਦੇ ਹਨ। ਪੰਜ

ਵਜੇ ਪੂਰੀ ਛੁੱਟੀ ਹੋ ਜਾਂਦੀ ਹੈ। ਮਜ਼ਦੂਰ, ਮਿਸਤਰੀ ਜੋ ਕੰਮ ਕਰਨ ਵਾਲੇ ਤੇ ਸ੍ਰੀ ਬਉਲੀ ਸਾਹਿਬ ਦੀ ਜਦੋਂ ਸੇਵਾ ਚੱਲ ਰਹੀ ਸੀ, ਦੁਪਹਿਰ ਪ੍ਰਸ਼ਾਦੇ ਦੇ ਸਮੇਂ ਜਿਸ ਨੇ ਜਿੱਥੇ ਮਰਜੀ ਕਾਂਡੀ ਸੁੱਟ ਦੇਣੀ। ਜਿਸ ਨੇ ਜਿੱਥੇ ਹੋਣਾ, ਉੱਥੇ ਹੀ ਕੰਮ ਬੰਦ ਕਰ ਦੇਣਾ ਤੇ ਸ਼ਾਮ ਨੂੰ ਜਦੋਂ ਪੂਰੀ ਛੁੱਟੀ ਹੋਣੀ, ਜਿੱਥੇ ਬਰਤਨ ਪਿਆ ਹੈ, ਭਾਂਡਾ ਪਿਆ ਹੈ, ਬਾਟਾ ਪਿਆ ਹੈ, ਛੱਡ ਦੇਣਾ ਪਰ ਜਿਸ ਦਾ ਮਨ ਮਰਿਆ ਸੀ, ਉਹ ਕੌਣ ਸਨ? ਭਾਈ ਜੇਠਾ ਜੀ। ਉਨ੍ਹਾਂ ਵਾਸਤੇ ਉੱਥੇ ਘੜੀ ਕੋਈ ਨਹੀਂ। ਸਾਰੇ ਚਲੇ ਗਏ ਪੰਜ ਵਜੇ ਪਰ ਉਹ ਬਾਟੇ ਇਕੱਠੇ ਕਰ ਰਹੇ ਹਨ, ਕਾਂਡੀਆਂ ਇਕੱਠੀਆਂ ਕਰ ਰਹੇ ਹਨ, ਬਿਨ੍ਹੂੰ ਇਕੱਠੇ ਕਰ ਰਹੇ ਹਨ, ਸਮਾਨ ਇਕੱਠਾ ਕਰ ਰਹੇ ਹਨ, ਲੱਗੇ ਹੋਏ ਹਨ।

ਧੰਨ ਗੁਰੂ ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, ਓ ਭਾਈ ਜੇਠਿਆ! ਤੂੰ ਨਹੀਂ ਅਰਾਮ ਕਰਦਾ। ਭਾਈ ਜੇਠਾ ਜੀ ਕਹਿਣ ਲੱਗੇ, ਮੇਰਾ ਆਪਣਾ ਘਰ ਹੈ। ਸੰਗਤ ਜੀ, ਜਿੱਥੇ ਮਨ ਮਰ ਜਾਂਦਾ ਹੈ ਉੱਥੇ ਸਮੇਂ ਦੀ ਗੱਲ ਖਤਮ ਹੋ ਜਾਂਦੀ ਹੈ। ਜਿੱਥੇ ਮਨ ਮਰ ਜਾਂਦਾ ਹੈ ਉੱਥੇ ਫਿਰ ਭੁੱਖ ਲੱਗਦੀ ਹੈ। ਜਿੱਥੇ ਮਨ ਮਰ ਜਾਂਦਾ ਹੈ ਉੱਥੇ ਫਿਰ ਇਹ ਨਹੀਂ ਹੈ, ਫਲਾਣੇ ਵੇਲੇ ਮੈਨੂੰ ਮਾਣ ਨਹੀਂ ਮਿਲਿਆ ਹੈ, ਮੈਂ ਆਉਣਾ ਹੀ ਨਹੀਂ। ਉੱਥੇ ਗੱਲ ਹੀ ਕੁਝ ਹੋਰ ਹੈ, ਹੁਣ ਸੇਵਾ ਦੀ ਭੁੱਖ ਲੱਗਣੀ ਸ਼ੁਰੂ ਹੋ ਗਈ। ਸਾਰੇ ਅਰਦਾਸ ਕਰੋ ਕਿ ਇਹੋ ਜਿਹੀ ਸੰਗਤ ਹੋ ਜਾਵੇ, ਜਿਵੇਂ ਭਾਈ ਜੇਠਾ ਜੀ, ਤੁਹਾਡਾ ਮਨ ਮਰ ਗਿਆ ਕਿ ਗੁਰੂ ਘਰ ਹੀ ਮੇਰਾ ਆਪਣਾ ਘਰ ਹੈ। ਉੱਥੇ ਟਾਈਮ ਦੀ ਗਿਣਤੀ ਮੁੱਕ ਗਈ, ਘੰਟਿਆਂ ਦੀ ਗਿਣਤੀ ਮੁੱਕ ਗਈ, ਹੁਣ ਤਾਂ ਦਿਨ ਰਾਤੀਂ ਅਰਾਧੋ। ਇਸ ਮਨ ਮਰੇ ਦਾ ਕੀ ਸੁਆਦ ਦੱਸੀਏ? ਉਸ ਦਾ ਅਨੰਦ ਹੀ ਕੁਝ ਹੋਰ ਹੈ। ਸਾਰੀ ਸੰਗਤ ਇਹ ਅਰਦਾਸ ਕਰਿਆ ਕਰੋ :

***ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ***
***ਤੇਰਾ ਨਾਮ ਚਿੱਤ ਆਵੈ।***

ਮੈਨੂੰ ਇਹੋ ਜਿਹਿਆਂ ਦਾ ਮੇਲ ਕਰਵਾ ਦੇ, ਬੱਸ, ਇਹ ਮਨ ਮਰ ਜਾਵੇ।

ਇਹ ਮਾਤਾ ਭਾਗ ਕੌਰ ਜੀ ਜਿਨ੍ਹਾਂ ਨੂੰ ਅਸੀਂ ਮਾਈ ਭਾਗੋ ਜੀ ਕਹਿੰਦੇ ਹਾਂ, ਇਨ੍ਹਾਂ ਦਾ ਜੀਵਨ ਪਲਟਾ ਲਿਆਉਣ ਵਾਲੇ, ਬੀਬੀ ਵੀਰੋ ਜੀ, ਉਨ੍ਹਾਂ ਦੀ ਚਲਾਈ ਹੋਈ ਲਹਿਰ ਦਾ ਫੁੱਲ ਬਾਹਰ ਨਿਕਲਿਆ। ਧਿਆਨ ਦੇਣਾ। ਦਾਸ ਪੜ੍ਹ ਕੇ ਹੈਰਾਨ ਹੋ ਗਿਆ, ਇਹ ਝਬਾਲ ਦੀ ਮਾਈ ਭਾਗ ਕੌਰ ਜੀ ਨੂੰ ਦਸ ਪਾਤਸ਼ਾਹੀਆਂ ਵਿੱਚੋਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਛੇਵੇਂ ਪਾਤਸ਼ਾਹ ਜੀ, ਸੱਤਵੇਂ ਪਾਤਸ਼ਾਹ ਜੀ, ਅੱਠਵੇਂ ਪਾਤਸ਼ਾਹ ਜੀ, ਨੌਂਵੇਂ ਪਾਤਸ਼ਾਹ ਜੀ, ਦਸਵੇਂ ਸਤਿਗੁਰੂ ਜੀ। ਇਹ ਮਾਈ ਭਾਗ ਕੌਰ ਜੀ ਨੇ ਪੰਜ ਪਾਤਸ਼ਾਹੀਆਂ ਦੇ ਦਰਸ਼ਨ ਕੀਤੇ। ਇਹ ਵੀ ਬੜੀ ਵੱਡੀ ਗੱਲ ਹੈ। ਲਹਿਰ ਦਾ ਹਿੱਸੇ ਬਣੇ, ਛੇਵੇਂ ਪਾਤਸ਼ਾਹ ਜੀ ਤੋਂ ਫਿਰ ਧੰਨ ਗੁਰੂ ਹਰਿਰਾਏ ਸਾਹਿਬ ਜੀ ਦੇ ਵੀ ਦਰਸ਼ਨ ਕੀਤੇ, ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਵੀ, ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਤੇ ਫਿਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ। ਕੁਝ ਰਾਈਟਰਾਂ ਨੇ ਇਨ੍ਹਾਂ ਦਾ ਜਿਹੜਾ ਸੁਭਾਅ ਲਿਖਿਆ ਹੈ, ਉਸ ਵਿੱਚੋਂ ਵੀ ਕੁਝ ਮਿਲਦਾ ਹੈ। ਮਾਈ ਭਾਗ ਕੌਰ ਜੀ, ਇਨ੍ਹਾਂ ਦਾ ਸੁਭਾਅ ਲਿਖਿਆ ਹੈ ਕਿ ਬਚਪਨ ਵਿੱਚ ਹੀ, ਜ਼ਰਾ ਧਿਆਨ ਦੇਣਾ, ਬੀਬੀਓ, ਇਹ ਸਾਡੀ ਅਸਲੀ ਮੰਜ਼ਿਲ ਹੁੰਦੀ ਹੈ। ਜਿਨ੍ਹਾਂ ਨੇ ਪਰਮੇਸ਼ਰ ਰੂਪ ਗੁਰੂ ਦੀ ਪ੍ਰਾਪਤੀ ਕੀਤੀ ਹੈ, ਉਹ ਕਿਵੇਂ ਚਲਦੇ ਸੀ? ਕਿਵੇਂ ਤੁਰਦੇ ਸੀ?

ਮਾਈ ਭਾਗ ਕੌਰ ਜੀ ਦਾ ਪਹਿਲਾ ਗੁਣ ਮਿਲਦਾ ਹੈ- ਬਚਪਨ ਵਿੱਚ ਹੀ ਬਾਣੀ ਪੜ੍ਹਨ ਤੇ

ਕੀਰਤਨ ਸੁਣਨ ਦੀ ਬੜੀ ਰੁਚੀ ਸੀ। ਬੜੇ ਧਿਆਨ ਨਾਲ ਸੁਣਨਾ। ਬਾਣੀ ਪੜ੍ਹਨ ਅਤੇ ਕੀਰਤਨ ਸੁਣਨ ਦੀ ਬਹੁਤ ਰੁਚੀ ਸੀ। ਇਹ ਸਾਰੇ ਅਰਦਾਸ ਕਰਿਓ ਕਿ ਇਹ ਦਾਤਾਂ ਸਾਡੀ ਵੀ ਝੋਲੀ ਵਿੱਚ ਪੈਣ। ਦਾਸ ਨਾਂ ਨਹੀਂ ਲੈਂਦਾ ਪਰ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੱਚ ਕਹਿਣਾ ਵੀ ਚਾਹੀਦਾ ਹੈ। ਸ੍ਰੀ ਦਰਬਾਰ ਸਾਹਿਬ ਇੱਕ ਮਾਤਾ ਦੇ ਦਾਸ ਆਪ ਦਰਸ਼ਨ ਕਰਦਾ ਰਿਹਾ ਹੈ, ਵੇਖਦਾ ਰਿਹਾ ਹੈ, ਚਾਰ-ਚਾਰ ਜੱਥੇ ਸ੍ਰੀ ਦਰਬਾਰ ਸਾਹਿਬ ਬਦਲ ਜਾਂਦੇ ਸੀ, ਉਸ ਬੀਬੀ ਦਾ ਚੌਂਕੜਾ ਨਹੀਂ ਸੀ ਖੁੱਲ੍ਹਦਾ। ਇਹ ਦਾਸ ਨੇ ਖੁਦ ਵੇਖਿਆ ਹੈ। ਇੱਕ ਜੱਥਾ ਉੱਠ ਪਿਆ, ਘੰਟਾ ਸਵਾ ਘੰਟੇ ਦੀ ਚੌਂਕੀ। ਕੀਰਤਨ ਦੀ ਸਾਰੀ ਡਿਊਟੀ :

***ਪਉੜੀ ॥***

***ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥***

***ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ ॥***

***(ਅੰਗ ੯੬੫)***

ਦੂਜਾ ਜੱਥਾ ਬੈਠ ਗਿਆ। ਦੂਜਾ ਉੱਠ ਪਿਆ, ਤੀਜਾ ਬੈਠ ਗਿਆ। ਸਾਹਮਣੇ ਰਾਗੀ ਸਿੰਘਾਂ ਦੇ ਮਾਈਆਂ ਬੈਠਦੀਆਂ ਹਨ, ਹੁਣ ਉਹ ਬੀਬੀ ਚੌਲਾ ਬਦਲ ਚੁੱਕੀ ਹੈ, ਉਸ ਬੀਬੀ ਨੇ ਚਾਰ-ਚਾਰ ਜੱਥੇ ਸਾਧ ਸੰਗਤ ਜੀ, ਉੱਠ ਜਾਣੇ ਪਰ ਉਸ ਦਾ ਚੌਂਕੜਾ ਨਾ ਖੁੱਲ੍ਹਣਾ। ਇਹ ਕੀ ਸੀ? ਕੀਰਤਨ ਸੁਣਨ ਦੀ ਰੁਚੀ, ਕੀਰਤਨ ਸੁਣਨ ਦਾ ਇੰਨਾ ਇਸ਼ਕ, ਕੀਰਤਨ ਸੁਣਨ ਦੀ ਇੰਨੀ ਸਾਧ ਸੰਗਤ ਜੀ, ਭੁੱਖ ਲੱਗਣੀ। ਇਹ ਅਰਦਾਸ ਕਰੋ, ਇਹ ਵੀ ਇੱਕ ਗੁਣ ਹੈ ਤੇ ਸਾਡੇ ਵਿੱਚ ਵੀ ਆਵੇ। ਅੱਜ ਜਿਹੜਾ ਬਜ਼ਾਰ ਲੁਹਾਰਾਂ ਹੈ ਉੱਥੇ ਮਾਤਾ ਪ੍ਰਕਾਸ਼ਵਤੀ ਕੌਰ ਜੀ ਹੁਣ ਚੌਲਾ ਬਦਲ ਚੁੱਕੇ ਹਨ। ਹਰ ਐਤਵਾਰ ਕੀਰਤਨ ਹੁੰਦਾ ਸੀ, ਗੁ: ਛੋਟੀ ਸ਼ਹੀਦਾਂ ਸਾਹਿਬ। ਜਿਉਂ ਨੌਂ ਵਜੇ ਚੌਂਕੜਾ ਮਾਰਿਆ ਹੋਣਾ, ਸ਼ਾਮ ਚਾਰ ਵਜ ਜਾਣੇ ਤੇ ਸੇਵਾਦਾਰਾਂ ਨੇ ਪੁੱਛਣਾ, ਮਾਤਾ ਜੀ, ਕੁਝ ਛਕ ਲਓ, ਭੁੱਖ ਲੱਗੀ ਹੋਵੇਗੀ। ਕਹਿੰਦੇ ਲੱਗੀ ਹੈ। ਕਹਿਣਾ ਕਿ ਭੁੱਖ ਲੱਗੀ ਹੈ? ਜੀ ਲੱਗੀ ਹੈ ਤੇ ਫਿਰ ਕੀ ਲਿਆਈਏ? ਉਨ੍ਹਾਂ ਨੇ ਕਹਿਣਾ, ਇੱਕ-ਦੋ ਜੱਥੇ ਹੋਰ ਲਗਾ ਦਿਓ। ਆਹ ਭੁੱਖ ਲੱਗੀ ਹੈ, ਕੀਰਤਨ ਸੁਣਨ ਦੀ। ਇਹ ਸੰਗਤ ਨੋਟ ਕਰਿਓ। ਜਿਹੜੀ ਨੌਂ ਪ੍ਰਕਾਰ ਦੀ ਭਗਤੀ ਹੈ, ਇਹ ਕੀਰਤਨ ਉਸ ਦਾ ਇੱਕ ਹਿੱਸਾ ਹੈ। ਇਸ ਨੂੰ ਸੁਣਨ ਭਗਤੀ ਕਹਿੰਦੇ ਹਨ। ਜਿਹੜੀ ਨੌਂ ਪ੍ਰਕਾਰ ਦੀ ਭਗਤੀ ਹੈ, ਉਸ ਦਾ ਇੱਕ ਹਿੱਸਾ ਹੈ ਜਿਸ ਨੂੰ ਕਹਿੰਦੇ ਹਨ, ਸੁਣਨ ਭਗਤੀ।

***ਨਾਨਕ ਭਗਤਾ ਸਦਾ ਵਿਗਾਸੁ ॥***

***ਸੁਣਿਐ ਦੂਖ ਪਾਪ ਕਾ ਨਾਸੁ ॥੮॥***

***(ਅੰਗ ੨)***

ਇਹ ਤਿੰਨ-ਚਾਰ ਰਾਈਟਰਾਂ ਨੇ ਲਿਖਿਆ ਹੈ, ਦਾਸ ਤਾਂ ਬੋਲ ਰਿਹਾ ਹੈ ਕਿ ਮਾਤਾ ਭਾਗ ਕੌਰ ਜੀ ਦੀ ਬਚਪਨ ਵਿੱਚ ਹੀ ਗੁਰਬਾਣੀ ਪੜ੍ਹਨ ਤੇ ਕੀਰਤਨ ਸੁਣਨ ਦੀ ਬਹੁਤ ਰੁਚੀ ਹੈ। ਚੰਗਾ ਤਕੜਾ ਚੌਂਕੜਾ ਸੀ, ਕੀਰਤਨ ਸੁਣਨ ਦਾ। ਇਹ ਸੁਣਨ ਭਗਤੀ ਹੈ। ਜਿਹੜੀ ਨੌਂ ਪ੍ਰਕਾਰ ਦੀ ਭਗਤੀ, ਇਹ ਕੋਸ਼ਿਸ਼ ਕਰਿਆ ਕਰੋ, ਇਹ ਸਾਡੇ ਘਰਾਂ ਵਿੱਚ ਆਵੇ। ਪ੍ਰੇਮਾ ਭਗਤੀ, ਮੰਨਣ ਭਗਤੀ, ਸੁਣਨ ਭਗਤੀ, ਦਰਸ਼ਨ ਭਗਤੀ। ਚਾਰ-ਪੰਜ ਦਿਨ ਹੋਏ ਹਨ, ਇੱਕ ਮਹਾਂਪੁਰਸ਼ਾਂ ਨੇ ਬਚਨ ਕੀਤਾ, ਦਾਸ ਨੂੰ ਚੰਗਾ ਲੱਗਾ ਇਸ ਲਈ ਦਾਸ ਬੋਲ ਦਿੰਦਾ ਹੈ। ਨਾ ਚੰਗਾ ਲੱਗੇ ਤੇ ਛੱਡ ਜਾਣਾ। ਚੰਗਾ ਲੱਗੇ ਤੇ ਖਰੀਦ ਕੇ ਲੈ ਜਾਣਾ। ਹਿਰਦੇ ਵਿੱਚ ਪਾਉਣਾ।

ਜਿਨ੍ਹਾਂ ਸੱਜਣਾਂ ਦੇ ਘਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬਿਰਾਜਮਾਨ ਹਨ, ਉਨ੍ਹਾਂ ਦੇ ਵੱਡੇ ਭਾਗ ਹਨ ਪਰ ਸਤਿਗੁਰੂ ਜੀ ਦੇ ਮਹਾਂਵਾਕ **'ਪ੍ਰਗਟ ਗੁਰਾਂ ਕੀ ਦੇਹ'** ਅਨੁਸਾਰ ਦਿਨ ਦੇ ਤਿੰਨ ਟਾਈਮ ਆਪ ਪਰਸ਼ਾਦਾ ਛਕਣ ਤੋਂ

ਪਹਿਲਾਂ ਸਤਿਗੁਰੂ ਜੀ ਨੂੰ ਭੋਗ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਦੀ ਵਿਧੀ ਇਹ ਹੈ ਕਿ ਥਾਲ ਵਿੱਚ ਪ੍ਰਸ਼ਾਦਾ, ਦਾਲ-ਸਬਜ਼ੀ ਜਾਂ ਜੋ ਕੁਝ ਵੀ ਸ਼ਾਕਾਹਾਰੀ ਆਪ ਜੀ ਦੇ ਘਰ ਬਣਿਆ ਹੈ, ਉਹ ਥਾਲ ਵਿੱਚ ਸੁਚੱਜੇ ਢੰਗ ਨਾਲ ਪਰੋਸ ਕੇ ਸਮੇਂ ਦੌਰਾਨ ਸਤਿਗੁਰੂ ਜੀ ਦੇ ਕਮਰੇ ਵਿੱਚ ਜਾ ਕੇ ਇਹ ਥਾਲ ਰੱਖਿਆ ਜਾਵੇ। ਥਾਲ ਨੂੰ ਉੱਪਰੋਂ ਸਾਫ ਕੱਪੜੇ ਨਾਲ ਢੱਕਿਆ ਜਾਵੇ। ਅਰਦਾਸ ਕਰਕੇ (ਕ੍ਰਿਪਾਨ ਭੇਟ) ਸ਼ਸਤਰ ਭੇਟਾ ਕੀਤਾ ਜਾਵੇ ਭਾਵਨਾ ਸਹਿਤ ਮੇਰੇ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੈਠੇ ਹਨ ਹੱਥ ਸੁੱਚੇ ਕਰਾ ਕੇ ਤੌਲੀਏ ਨਾਲ ਸਾਫ ਕਰਾ ਕੇ ਥਾਲ ਕੁਝ ਸਮਾਂ ਸਤਿਗੁਰੂ ਜੀ ਅੱਗੇ ਸਜਿਆ ਰਹਿਣ ਦਿੱਤਾ ਜਾਵੇ। ਉਸ ਸਮੇਂ ਦੌਰਾਨ ਆਪ ਕਮਰੇ ਦੇ ਬਾਹਰ ਬੈਠ ਕੇ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਦੀ ਹਾਜ਼ਰੀ ਲਗਾਈ ਜਾਵੇ ਤੇ ਮਨ ਵਿੱਚ ਇਹ ਭਾਵਨਾ ਹੋਵੇ ਕਿ ਅੰਦਰ ਸਤਿਗੁਰੂ ਜੀ ਪ੍ਰਸ਼ਾਦਾ ਛਕ ਰਹੇ ਹਨ। ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਕਮਰੇ ਅੰਦਰ ਜਾਣ ਤੇ ਪਹਿਲਾਂ ਸਤਿਨਾਮੁ ਵਾਹਿਗੁਰੂ ਦਾ ਅਵਾਜਾ ਦੇ ਕੇ ਉਹ ਥਾਲ ਲਿਆ ਕੇ ਘਰ ਦੇ ਖਾਣੇ ਵਿੱਚ ਸ਼ੀਤ ਪ੍ਰਸ਼ਾਦ ਮਿਲਾਇਆ ਜਾਵੇ ਤਾਂ ਕਿ ਸਮੁੱਚੇ ਪਰਿਵਾਰ ਅੰਦਰ ਅੰਮ੍ਰਿਤਮਈ ਭੋਜਨ ਜਾਵੇ।

ਅਗਰ ਗੁਰਦੁਆਰਾ ਸਾਹਿਬ ਕੜਾਹ ਪ੍ਰਸ਼ਾਦਿ ਦੀ ਦੇਗ ਵੀ ਕਰਵਾਉਣੀ ਹੈ ਤਾਂ ਪਹਿਲਾਂ ਸਸ਼ਤਰ ਭੇਟ ਕਰਵਾਇਆ ਜਾਵੇ ਤੇ ਫਿਰ ਸੁਰਤੀ ਨਾਲ ਦਸਾਂ ਪਾਤਸ਼ਾਹੀਆਂ ਵਿੱਚੋਂ ਕਿਸੇ ਪਾਤਸ਼ਾਹੀ ਦਾ ਧਿਆਨ ਧਰ ਕੇ ਇਹ ਅਰਦਾਸ ਕੀਤੀ ਜਾਵੇ ਕਿ ਸਤਿਗੁਰੂ ਜੀ! ਆਪ ਜੀ ਦੇ ਬਖਸ਼ੇ ਹੋਏ ਖਜ਼ਾਨਿਆਂ ਵਿੱਚੋਂ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਹਾਜ਼ਰ ਹੋਇਆ ਹਾਂ/ਹੋਈ ਹਾਂ, ਕਿਰਪਾ ਕਰਕੇ ਰਸਨਾ ਨੂੰ ਲਗਾਓ। ਫਿਰ ਉਹ ਸੁਰਤੀ ਦਾ ਲਗਾਇਆ ਹੋਇਆ ਭੋਗ ਦਾ ਪ੍ਰਸ਼ਾਦਿ ਛਕਿਆ ਜਾਵੇ ਜਾਂ ਛਕਾਇਆ ਜਾਵੇ।

ਇਸ ਨੂੰ ਸੁਰਤੀ ਦਾ ਭੋਗ ਕਹਿੰਦੇ ਹਨ, ਸਾਡੀ ਇੰਨੀ ਕਮਾਈ ਨਹੀਂ ਕਿ ਪ੍ਰਤੱਖ ਭੋਗ ਲਗਵਾ ਲਈਏ, ਭਗਤ ਨਾਮਦੇਵ ਜੀ ਦੀ ਸੀ, ਉਨ੍ਹਾਂ ਨੇ ਲਗਵਾ ਲਿਆ। ਸਾਡੀ ਨਹੀਂ। ਸੁਰਤੀ ਨਾਲ ਭੋਗ ਲਗਵਾ ਲਓ ਤੇ ਉਹ ਵੀ ਪ੍ਰਵਾਨ ਹੈ। ਕਿਸੇ ਨੂੰ ਭੋਗ ਦੀ ਗੱਲ ਤੋਂ ਕਿੰਤੂ ਪਰੰਤੂ ਹੋਵੇ ਤੇ ਮੋਹਰ ਲਗਵਾ ਲਓ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ:

***ਅਨਿਕ ਪ੍ਰਕਾਰ ਭੋਜਨ ਬਹੁ ਕੀਏ***
***ਬਹੁ ਬਿੰਜਨ ਮਿਸਟਾਏ ॥***
***ਕਰੀ ਪਾਕਸਾਲ ਸੋਚ ਪਵਿਤ੍ਰਾ***
***ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥***

***(ਅੰਗ ੧੨੬੬)***

ਪਾਕਸਾਲ ਕਹਿੰਦੇ ਹਨ, ਰਸੋਈ ਨੂੰ। ਹੇ ਮੇਰੇ ਗੁਰੂ ਨਾਨਕ ਮਹਾਰਾਜ ਜੀ, ਮੈਂ ਕੋਸ਼ਿਸ਼ ਕੀਤੀ, ਮੇਰੀ ਰਸੋਈ ਵਿੱਚ ਸੁੱਚਮਤਾ ਨਾਲ ਇਹ ਤਿਆਰ ਹੋਵੇ।

ਕੋਈ ਕਿੰਤੂ ਨਾ ਕਰੇ ਤਾਂ ਮੋਹਰ ਲਗਾਈ ਹੈ:

***ਦੂਧੁ ਕਟੋਰੈ ਗਡਵੈ ਪਾਨੀ ॥***
***ਕਪਲ ਗਾਇ ਨਾਮੈ ਦੁਹਿ ਆਨੀ ॥੧॥***
***ਦੂਧੁ ਪੀਉ ਗੋਬਿੰਦੇ ਰਾਇ ॥***
***ਦੂਧੁ ਪੀਉ ਮੇਰੋ ਮਨੁ ਪਤੀਆਇ ॥***
***ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥***

***(ਅੰਗ ੧੧੬੩)***

ਆਹ ਪਿਆਰ ਹੈ। ਭਗਤ ਨਾਮਦੇਵ ਜੀ ਕਿੰਨੇ ਕੁ ਅਮੀਰ ਸੀ ਪਰ ਭੋਗ ਲਗਾਉਣ ਵਿੱਚ ਇੰਨਾ ਪਿਆਰ ਸੀ, ਕਟੋਰੀ ਸੋਨੇ ਦੀ ਬਣਾਈ ਸੀ। ਚਾਅ ਸੀ, ਇਸ ਵਿੱਚ ਬੀਠੁਲ ਨੇ ਛਕਣਾ ਹੈ। ਪਿਆਰ ਹੀ ਸਭ ਕੁਝ ਹੈ।

***ਸੁਇਨ ਕਟੋਰੀ ਅੰਮ੍ਰਿਤ ਭਰੀ ॥***
***ਲੈ ਨਾਮੈ ਹਰਿ ਆਗੈ ਧਰੀ ॥੨॥***
***ਏਕੁ ਭਗਤੁ ਮੇਰੇ ਹਿਰਦੇ ਬਸੈ ॥***

***ਨਾਮੇ ਦੇਖਿ ਨਰਾਇਨੁ ਹਸੈ ॥੩॥***
***ਦੂਧੁ ਪੀਆਇ ਭਗਤੁ ਘਰਿ ਗਇਆ ॥***
***ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥***

*(ਅੰਗ ੧੧੬੩-੬੪)*

ਜਦੋਂ ਕੋਈ ਇਸ ਤਰ੍ਹਾਂ ਤਿੰਨ ਵਾਰੀ ਭੋਗ ਲਗਾਉਂਦਾ ਹੈ ਤਾਂ ਉਸ ਦਾ ਵੱਡਾ ਲਾਭ ਕੀ ਹੈ? ਜਿਸ ਘਰ ਵਿੱਚ ਇਸ ਤਰ੍ਹਾਂ ਥਾਲ ਲਿਆ ਕੇ ਭੋਗ ਦੀ ਹਾਜ਼ਰੀ ਲਗਾਈ ਜਾਵੇ, ਉਸ ਘਰ ਵਿੱਚ ਅਵਗਤ ਰੂਹਾਂ, ਅਵਗਤ ਰੂਹਾਂ ਉਹ ਹੁੰਦੀਆਂ ਹਨ ਜਿਨ੍ਹਾਂ ਦੀ ਗਤੀ ਨਹੀਂ ਹੋਈ, ਧਿਆਨ ਦੇਣਾ, ਕਹਿੰਦੇ, ਉਸ ਘਰ ਵਿੱਚ ਅਵਗਤ ਰੂਹਾਂ ਜਿਹੜੀਆਂ ਤੰਗ ਕਰਦੀਆਂ ਹਨ, ਕਈ ਘਰਾਂ ਵਿੱਚ ਅਵਗਤ ਰੂਹਾਂ ਬਖੇੜਾ ਪਾਉਂਦੀਆਂ ਹਨ, ਜਿਹੜਾ ਘਰ ਵਿੱਚ ਇੰਝ ਤਿੰਨ ਵੇਲੇ ਭੋਗ ਲਗਾਵੇ, ਉਸ ਘਰ ਵਿੱਚ ਅਵਗਤ ਰੂਹਾਂ ਦਾ ਵਾਸਾ ਨਹੀਂ ਰਹਿੰਦਾ, ਉਸ ਘਰ ਵਿੱਚ ਸ਼ਹੀਦ ਸਿੰਘਾਂ ਦਾ ਪਹਿਰਾ ਲੱਗ ਜਾਂਦਾ ਹੈ। ਹਕੀਕਤ ਜੇ। ਇਹ ਪਹਿਰੇ ਲੱਗਦੇ ਹਨ। ਹਾਂ ਜੇ ਅਸੀਂ ਕਹੀਏ, ਅਵਗਤ ਰੂਹਾਂ ਨਹੀਂ ਹਨ ਤੇ ਇਸ ਬਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਬਾਣੀ ਦੱਸਦੀ ਹੈ :

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥***

*(ਅੰਗ ੨੭੬)*

ਹੁਣ :

***ਅਸੰਖ ਜਪ ਅਸੰਖ ਭਾਉ ॥***

*(ਅੰਗ ੩)*

ਇਹ ਵੀ ਹਨ ਤੇ ਦੂਜੇ ਵੀ ਹਨ :

***ਅਸੰਖ ਮੂਰਖ ਅੰਧ ਘੋਰ ॥***
***ਅਸੰਖ ਚੋਰ ਹਰਾਮਖੋਰ ॥***
***ਅਸੰਖ ਅਮਰ ਕਰਿ ਜਾਹਿ ਜੋਰ ॥***
***ਅਸੰਖ ਗਲਵਢ ਹਤਿਆ ਕਮਾਹਿ ॥***
***ਅਸੰਖ ਪਾਪੀ ਪਾਪੁ ਕਰਿ ਜਾਹਿ ॥***

*(ਅੰਗ ੪)*

ਉਸ ਦੀ ਸ੍ਰਿਸ਼ਟੀ ਹੈ। ਉਸ ਦੀ ਸ੍ਰਿਸ਼ਟੀ ਵਿੱਚ ਦੇਵੀ-ਦੇਵਤੇ ਵੀ ਹਨ, ਬਖਸ਼ੀਆਂ ਰੂਹਾਂ ਵੀ ਹਨ, ਪਿਆਰੇ ਸ਼ਹੀਦ ਸਿੰਘ ਵੀ ਹਨ, ਉਸ ਦੀ ਸ੍ਰਿਸ਼ਟੀ ਵਿੱਚ ਅਵਗਤ ਰੂਹਾਂ ਵੀ ਹਨ। ਰੱਬ ਦੀ ਲੀਲਾ ਹੀ ਹੈ। ਰੱਬ ਨੇ ਸਾਡੀ ਵਾਲੀ ਕੋਈ ਚੀਜ਼ ਨੂੰ ਲਿਆ ਹੀ ਨਹੀਂ। ਹੁਣ ਪੁਲਿਸ ਇੱਥੇ ਵੀ ਹੈ, ਫੌਜ ਇੱਥੇ ਵੀ ਹੈ, ਮੁਲਕਾਂ ਦੀ, ਸੂਬਿਆਂ ਦੀ ਪਰ ਰੱਬ ਨੇ ਕਿਸੇ ਤੇ ਇਤਬਾਰ ਨਹੀਂ ਕੀਤਾ। ਉਸ ਨੇ ਆਪਣੀ ਫੌਜ ਵੱਖਰੀ ਰੱਖੀ ਹੈ। ਉਸ ਨੇ ਆਪਣੀ ਪੁਲਿਸ ਵੱਖਰੀ ਰੱਖੀ ਹੈ। ਜਿੱਥੇ ਚਾਹੁੰਦਾ ਹੈ, ਜਮ ਭੇਜਦਾ ਹੈ। ਆਪਣਾ ਸਾਰਾ ਪ੍ਰਬੰਧ ਵੱਖਰਾ ਰੱਖਿਆ ਹੈ।

***ਜਉ ਜਮੁ ਆਇ ਕੇਸ ਗਹਿ ਪਟਕੈ***
***ਤਾ ਦਿਨ ਕਿਛੁ ਨ ਬਸਾਹਿਗਾ ॥***

*(ਅੰਗ ੧੧੦੬)*

ਉਸ ਨੇ ਆਪਣਾ ਸਾਰਾ ਪ੍ਰਬੰਧ ਗੁਪਤ ਰੂਪ ਵਿੱਚ ਆਪ ਰੱਖਿਆ ਹੈ ਤੇ ਉਸ ਦੀ ਉਸ ਸ੍ਰਿਸ਼ਟੀ ਵਿੱਚ ਉਹ ਰੂਹਾਂ ਵੀ ਹਨ ਜਿਨ੍ਹਾਂ ਦੀ ਗਤੀ ਨਹੀਂ ਹੋਈ। ਅਵਗਤ ਰੂਹਾਂ। ਭਟਕ ਰਹੀਆਂ ਹਨ। ਜਗਤ ਨੂੰ ਤੰਗ ਕਰਦੀਆਂ ਹਨ ਤੇ ਕਹਿੰਦੇ, ਜਿਸ ਘਰ ਵਿੱਚ ਤਿੰਨ ਵੇਲੇ ਭੋਗ ਲੱਗੇ, ਉਸ ਘਰ ਵਿੱਚ ਸ਼ਹੀਦ ਸਿੰਘ ਆ ਜਾਂਦੇ ਹਨ, ਅਵਗਤ ਰੂਹਾਂ ਨੂੰ ਉੱਥੋਂ ਨਿਕਲਣਾ ਪੈਂਦਾ ਹੈ, ਉਨ੍ਹਾਂ ਘਰਾਂ ਵਿੱਚ ਸ਼ਾਂਤੀ ਹੋਣੀ ਸ਼ੁਰੂ ਹੋ ਜਾਂਦੀ ਹੈ, ਸਿਰਫ ਇਸ਼ਾਰਾ ਲੈਣਾ। ਦਾਸ ਇਹ ਵੀ ਨਹੀਂ ਕਹਿੰਦਾ ਕਿ ਕਰੋ ਪਰ ਜੇ ਕੋਈ ਗੱਲ ਚੰਗੀ ਲੱਗੇ, ਇੱਕ ਫਰਜ਼ ਹੈ, ਥਾਨ ਖੋਲ੍ਹਣਾ। ਅਜੇ ਘਰ ਦਾ ਮਾਹੌਲ ਆਗਿਆ ਨਾ ਦੇਵੇ, ਦੋ ਵਾਰੀ ਕਰ ਲਓ, ਦੋ ਵਾਰੀ ਥਾਲ ਲੈ ਜਾਓ, ਇੱਕ ਵਾਰੀ ਲੈ ਜਾਓ, ਹੌਲੀ-ਹੌਲੀ ਵਧਾਈ ਜਾਓ, ਸ਼ੁਰੂਆਤ ਹੋ ਜਾਵੇ, ਗੁਰੂ ਸਾਹਿਬ ਦੀ ਮਿਹਰ ਹੋਵੇ।

ਤੁਹਾਡਾ ਪ੍ਰੇਮ ਪੈ ਜਾਵੇਗਾ। ਦਾਸ ਨੇ ਤਾਂ ਗੱਲ ਕੀਤੀ ਸੀ, ਜਿਹੜੀ ਨੌਂ ਪ੍ਰਕਾਰ ਦੀ ਭਗਤੀ ਹੈ, ਸੁਣਨ ਭਗਤੀ, ਪ੍ਰੇਮਾ ਭਗਤੀ, ਮੰਨਣ ਭਗਤੀ, ਇਸ ਦਾ ਇਹ ਇੱਕ ਹਿੱਸਾ ਹੈ:

***ਕਰੀ ਪਾਕਸਾਲ ਸੋਚ ਪਵਿਤ੍ਰਾ***
***ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥***

*(ਅੰਗ ੧੨੬੬)*

ਸ੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਤੋਂ ਦਾਸ ਨੇ ਇਹੋ ਜਿਹੇ ਬਚਨ ਸੁਣੇ ਹਨ ਕਿ ਟਰੇਨ ਵਿੱਚ ਵੀ, ਬੱਸ ਵਿੱਚ ਵੀ, ਕੁਝ ਛਕਣ ਲੱਗਾ ਹੈਂ, ਉਸ ਨੂੰ ਭਾਵੇਂ ਕੜਾ ਭੇਟ ਕਰਕੇ ਸੁਰਤੀ ਨਾਲ ਭੋਗ ਲਗਾ ਦੇ। ਨਹੀਂ ਕੋਈ ਹੋਰ ਬਹੁਤਾ ਸਾਧਨ। ਇਹ ਕੜਾ ਵੀ ਪੰਜ ਕਕਾਰਾਂ ਦਾ ਹਿੱਸਾ ਹੈ।

ਹੁਣ ਆ ਜਾਓ ਫਿਰ ਉੱਥੇ। ਮਾਈ ਭਾਗ ਕੌਰ ਜੀ ਦਾ ਇਹ ਪਹਿਲਾ ਗੁਣ, ਬਚਪਨ ਵਿੱਚ ਹੀ ਬਾਣੀ ਪੜ੍ਹਨ ਤੇ ਕੀਰਤਨ ਸੁਣਨ ਨਾਲ ਬਹੁਤ ਰੁਚੀ ਸੀ। ਦੂਜਾ ਗੁਣ ਲਿਖਿਆ ਹੈ, ਉਹ ਵੀ ਤੁਹਾਡੇ ਪੱਲੇ ਬੰਨਣ ਵਾਲਾ ਹੈ। ਮਾਈ ਭਾਗ ਕੌਰ ਜੀ ਦਾ ਦੂਜਾ ਗੁਣ ਲਿਖਿਆ ਹੈ, ਛੋਟੀ ਉਮਰ ਵਿੱਚ ਹੀ ਗੁਰਮੁਖੀ ਭਾਸ਼ਾ ਸਿੱਖ ਲਈ ਸੀ ਤੇ ਬੋਲਦੇ ਵੀ ਸੀ। ਸੰਗਤ ਜੀ ਧਿਆਨ ਦੇਣਾ। ਕਈ ਸਿੱਖ ਫੈਮਿਲੀਆਂ ਦੇ ਘਰਾਂ ਵਿੱਚ ਪੰਜਾਬੀ ਖਤਮ ਹੁੰਦੀ ਜਾ ਰਹੀ ਹੈ ਤੇ ਹਿੰਦੀ ਵੜਦੀ ਜਾ ਰਹੀ ਹੈ। ਇਹ ਬਹੁਤ ਹੋ ਗਿਆ ਹੈ। ਆਪ ਸਕੂਲ ਗਏ ਥੇ। ਮੈਡਮ ਨੇ ਕਿਆ ਕਹਾ ਥਾ। ਮਾਂ-ਬਾਪ ਹਿੰਦੀ ਵਿੱਚ ਬੱਚਿਆਂ ਨਾਲ ਬੋਲਣਾ ਸ਼ੁਰੂ ਹੋ ਗਏ ਹਨ।

ਦਾਸ ਨੇ ਇੱਕ ਜਗ੍ਹਾ ਤੇ ਸਟਿਕਰ ਲੱਗਿਆ ਦੇਖਿਆ ਤੇ ਉਸ ਸਟਿਕਰ ਤੇ ਲਿਖਿਆ ਸੀ ਕਿ ਜਿਹੜਾ ਸਾਡੇ ਘਰਾਂ ਵਿੱਚ ਪੰਜਾਬੀ ਘੱਟਦੀ ਜਾ ਰਹੀ ਹੈ, ਹਿੰਦੀ ਆਉਂਦੀ ਜਾ ਰਹੀ ਹੈ ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ। ਇਸਨੂੰ ਛੋਟਾ ਨਾ ਸਮਝੋ। ਉਹ ਕਿਉਂ? ਤੁਹਾਡੀ ਬੇਟੀ ਹੈ, ਅੱਠ ਸਾਲ ਦੀ ਜਾਂ ਗਿਆਰ੍ਹਾਂ ਸਾਲ ਦੀ। ਅੱਜ ਤੁਸੀਂ ਉਸ ਨਾਲ ਹਿੰਦੀ ਵਿੱਚ ਗੱਲ ਸ਼ੁਰੂ ਕਰ ਦਿੱਤੀ, ਆਪ ਗਏ ਥੇ, ਆਪ ਆਏ ਹੋ, ਸਾਰਾ ਕੁਝ ਹਿੰਦੀ ਵਿੱਚ ਸ਼ੁਰੂ ਹੋ ਗਿਆ। ਤੁਹਾਡੀ ਬੇਟੀ ਜਦੋਂ ਵਿਆਹੀ ਜਾਵੇਗੀ, ਤੁਸੀਂ ਦੱਸੋ, ਜੋ ਉਸ ਨੇ ਘਰ ਵਿੱਚ ਮਾਹੌਲ ਪਾਇਆ ਹੈ, ਮੇਰੀ ਮੰਮੀ ਹਿੰਦੀ ਵਿੱਚ ਗੱਲ ਕਰਦੀ ਹੈ, ਉਸ ਦੇ ਅੱਗੋਂ ਬੱਚੇ ਹੋਣਗੇ, ਉਹ ਉਨ੍ਹਾਂ ਨਾਲ ਵੀ ਹਿੰਦੀ ਵਿੱਚ ਗੱਲ ਕਰੇਗੀ। ਇੱਕ ਵੇਲਾ ਚੰਦ ਕੁ ਸਾਲਾਂ ਬਾਅਦ ਇਹੋ ਜਿਹਾ ਆ ਜਾਵੇਗਾ ਕਿ ਕਿਤੇ ਇਹ ਪੰਜਾਬੀ ਖਤਮ ਹੀ ਨਾ ਹੋ ਜਾਵੇ। ਇਹ ਚਿੰਤਾ ਦਾ ਵਿਸ਼ਾ ਹੈ। ਜਿੰਨੀਆਂ ਸੰਗਤਾਂ ਹਨ ਆਪਣੇ ਬੱਚਿਆਂ ਨਾਲ ਘਰ ਵਿੱਚ ਪੰਜਾਬੀ ਵਿੱਚ ਗੱਲ ਕਰਿਆ ਕਰੋ। ਜੇ ਨਹੀਂ ਕਰੋਗੇ ਤਾਂ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਭੁੱਲ ਜਾਵੇਗੀ। ਜਿਹੜੇ ਮਾਂ-ਪਿਓ ਆਪਣੇ ਬੱਚਿਆਂ ਨਾਲ ਘਰ ਵਿੱਚ ਹਿੰਦੀ ਵਿੱਚ ਗੱਲ ਕਰਦੇ ਹਨ, ਅੱਗੋਂ ਉਨ੍ਹਾਂ ਦੀ ਜਿਹੜੀ ਕੁੱਲ ਹੋਵੇਗੀ, ਉਹ ਵੀ ਹਿੰਦੀ ਵਿੱਚ ਗੱਲ ਕਰਨਗੇ? ਉਹ ਬੱਚੇ ਕਹਿਣਗੇ ਕਿ ਸਾਡੇ ਮਾਂ-ਬਾਪ ਸਾਡੇ ਨਾਲ ਹਿੰਦੀ ਵਿੱਚ ਗੱਲ ਕਰਦੇ ਸੀ। ਹੁਣ ਅਸੀਂ ਕਿਵੇਂ ਕਰੀਏ? ਇਸ ਤਰ੍ਹਾਂ ਹੌਲੀ-ਹੌਲੀ ਗੁਰਮੁਖੀ ਖਤਮ ਹੋ ਜਾਵੇਗੀ। ਜੇ ਤੁਸੀਂ ਕਲਗੀਧਰ ਪਿਤਾ ਜੀ ਦੇ ਸਿੱਖ ਹੋ, ਧੰਨ ਗੁਰੂ ਨਾਨਕ ਮਹਾਰਾਜ ਜੀ ਨਾਲ ਪਿਆਰ ਕਰਦੇ ਹੋ, ਜੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਗੁਰਬਾਣੀ ਦਾ ਕਿੰਨਾ ਹਿੱਸਾ ਗੁਰਮੁਖੀ ਵਿੱਚ ਲਿਖਿਆ ਹੈ ਤੇ ਫਿਰ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਗੁਰਮੁਖੀ ਭਾਸ਼ਾ, ਗੁਰਬਾਣੀ ਨਾਲ ਜੋੜ ਕੇ ਰੱਖੀਏ। ਇਹ ਮਾਤਾ ਭਾਗ ਕੌਰ ਜੀ ਦਾ ਦੂਜਾ ਗੁਣ, ਬਚਪਨ ਵਿੱਚ ਹੀ ਗੁਰਮੁਖੀ ਭਾਸ਼ਾ ਸਿੱਖ ਲਈ ਸੀ। ਤੀਜਾ ਗੁਣ, ਕਿਸ਼ੋਰ ਅਵਸਥਾ ਵਿੱਚ ਮਾਤਾ ਭਾਗ ਕੌਰ ਜੀ ਨੇ ਸ਼ਸ਼ਤਰ ਵਿਦਿਆ ਸਿੱਖ ਲਈ ਸੀ। ਚੌਥਾ ਗੁਣ, ਬਰਛਾ ਚਲਾਉਣਾ ਤੇ ਨੇਜ਼ਾਬਾਜ਼ੀ

ਦਾ ਮਾਤਾ ਭਾਗ ਕੌਰ ਜੀ ਨੂੰ ਬਹੁਤ ਸ਼ੌਕ ਸੀ। ਇੱਕ ਵਾਰੀ ਸਾਰੀ ਸੰਗਤ ਕਿਰਪਾ ਕਰਿਓ, ਸਾਰੇ ਪਿਆਰ ਨਾਲ ਪੜ੍ਹੋ :

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਮਾਝੇ ਦੇ 40 ਸਿੰਘ ਬੇਦਾਵਾ ਲਿਖ ਕੇ ਦੇ ਆਏ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ, ਅਸੀਂ ਤੁਹਾਡੇ ਸਿੱਖ ਨਹੀਂ, ਤੁਸੀਂ ਸਾਡੇ ਗੁਰੂ ਨਹੀਂ। ਇਹ ਹੈ, ਦਰਦ। ਜਦੋਂ ਮਾਈ ਭਾਗ ਕੌਰ ਜੀ ਨੂੰ ਪਤਾ ਲੱਗਾ ਤੇ ਆਪਣੇ ਪਤੀ ਨੂੰ ਨਾਲ ਲਿਆ। ਸਾਰੀ ਸੰਗਤ ਝਬਾਲ ਦੀ ਇਕੱਠੀ ਕੀਤੀ ਕਿ ਕਿਵੇਂ ਕਰੀਏ? ਸਾਨੂੰ ਮਿਹਣਾ ਵਜੇਗਾ। ਸਾਰਿਆਂ ਨੇ ਕਿਹਾ, ਮਾਈ ਭਾਗ ਕੌਰ ਜੀ, ਜਿਹੜੇ ਬੇਦਾਵਾ ਲਿਖ ਕੇ ਆਏ ਹਨ, ਆਪਾਂ ਉਨ੍ਹਾਂ ਨੂੰ ਵੀ ਬੁਲਾਈਏ। ਉਨ੍ਹਾਂ ਨੂੰ ਵੀ ਬੁਲਾਇਆ ਗਿਆ। ਕਹਿੰਦੇ, ਮਾਤਾ ਭਾਗ ਕੌਰ ਜੀ ਨੇ ਇੰਨੀ ਤਕੜੀ ਤਕਰੀਰ ਦਿੱਤੀ, ਐਸੀ ਜੋਸ਼ ਭਰੀ ਤਕਰੀਰ ਦਿੱਤੀ, ਐਸਾ ਝੰਜੋੜਿਆ ਕਿ ਤੁਸੀਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਬੱਚਿਆਂ ਦੇ ਮੋਹ ਪਿੱਛੇ, ਘਰ ਦੇ ਮੋਹ ਪਿੱਛੇ ਪਿੱਠ ਦੇ ਆਏ ਹੋ, ਮਰਦਾਨਗੀ ਨਹੀਂ ਵਿਖਾਈ। ਇਹੋ ਜਿਹੀ ਤਕਰੀਰ ਦਿੱਤੀ, ਤੁਸੀਂ ਚੂੜੀਆਂ ਪਾਓ, ਤੁਸੀਂ ਬੱਚਿਆਂ ਨੂੰ ਸੰਭਾਲੋ। ਹੁਣ ਤੁਹਾਡੀ ਜਗ੍ਹਾ ਅਸੀਂ ਜਾਵਾਂਗੀਆਂ। ਉਹ ਲਫਜ਼ ਅੰਦਰ ਵੱਜੇ। ਅੱਜ ਜਿਸ ਮਾਤਾ ਦਾ ਜ਼ਿਕਰ ਸੁਣ ਰਹੇ ਹੋ, ਮਾਤਾ ਭਾਗ ਕੌਰ ਜੀ। ਹੁਣ ਦਿਲ ਕਰਦਾ ਸੀ ਕਿ ਆਪ ਜੀ ਨਾਲ ਸਾਂਝੀ ਕਰਾਂ। ਪਹਿਲਾ ਪ੍ਰਚਾਰਕ ਟੀਚਰ ਨਹੀਂ, ਸਕੂਲ ਦੀ ਟੀਚਰ ਨਹੀਂ। ਪਹਿਲਾ ਪ੍ਰਚਾਰਕ ਕੋਈ ਗਿਆਨੀ ਨਹੀਂ। ਪਹਿਲਾ ਪ੍ਰਚਾਰਕ ਕੋਈ ਕੀਰਤਨੀਆ ਨਹੀਂ। ਸਾਰੀਆਂ ਮਾਵਾਂ ਧਿਆਨ ਰੱਖਣਾ, ਘਰ ਵਿੱਚ ਬੱਚੇ ਦਾ ਪਹਿਲਾ ਪ੍ਰਚਾਰਕ ਮਾਂ ਹੈ। ਜੇ ਤੁਹਾਡਾ ਬੱਚਾ ਸ਼ੀਸ਼ੇ ਦੇ ਅੱਗੇ, ਰੋਮ ਦੀ ਬੇਅਦਬੀ ਕਰ ਰਿਹਾ ਹੈ ਤੇ ਉਸ ਸਮੇਂ ਪ੍ਰਚਾਰਕ ਨਹੀਂ ਵੇਖ ਰਿਹਾ ਹੈ। ਜੇ ਤੁਹਾਡਾ ਬੱਚਾ ਸ਼ੀਸ਼ੇ ਅੱਗੇ ਬੇਅਦਬੀ ਕਰ ਰਿਹਾ ਹੈ ਤੇ ਸਕੂਲ ਦਾ ਟੀਚਰ ਨਹੀਂ ਦੇਖ ਰਿਹਾ, ਕਥਾ ਵਾਚਕ ਨਹੀਂ ਦੇਖ ਰਿਹਾ। ਤੁਸੀਂ ਕੋਲ ਹੋ, ਮਾਂ ਵੇਖ ਰਹੀ ਹੈ। ਫਰਜ਼ ਮਾਂ ਵੀ ਸੰਭਾਲੇ। ਕਮੇਟੀਆਂ ਵੀ ਸੰਭਾਲਣ, ਪ੍ਰਚਾਰਕ ਵੀ, ਮਾਂ ਵੀ। ਇਹ ਵੀ ਮਾਂ ਹੈ, ਇਹੋ ਜਿਹਾ ਜੋਸ਼ ਭਰਿਆ, ਸਾਰਿਆਂ ਦੇ ਮਨ ਬਦਲ ਗਏ। ਮਾਈ ਭਾਗ ਕੌਰ ਜੀ ਆਪ ਵੀ ਨਾਲ, ਕਹਿੰਦੇ, ਗਲੇ ਵਿੱਚ ਵੱਡੀ ਕਿਰਪਾਨ, ਬਰਛਾ ਹੱਥ ਵਿੱਚ ਤੇ ਉਹ ਨਾਲ ਸਾਰੇ ਸਿੰਘ ਖਿਦਰਾਣੇ ਦੀ ਢਾਬ ਉੱਥੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿੱਥੇ ਬਚਨ ਕੀਤੇ, ਮੇਰਾ ਪੰਜ ਹਜ਼ਾਰੀ ਸਿੱਖ, ਮੇਰਾ ਦਸ ਹਜ਼ਾਰੀ ਸਿੱਖ, ਮੇਰਾ ਵੀਹ ਹਜ਼ਾਰੀ ਸਿੱਖ। ਜਿੱਥੇ ਭਾਈ ਮਹਾਂ ਸਿੰਘ ਜੀ ਦਾ ਸਿਰ ਗੋਦੀ ਵਿੱਚ ਲੈ ਕੇ ਬੇਦਾਵਾ ਪਾੜਿਆ ਤੇ ਉੱਥੇ ਸਾਰਿਆਂ ਦੇ ਸਰੀਰ ਇਕੱਠੇ ਕਰਕੇ ਅਗਨ ਭੇਟ ਕੀਤੇ। ਫਿਰ ਕਿਸੇ ਨੇ ਆਖਿਆ, ਕੋਈ ਮਾਤਾ ਹੈ, ਕੋਈ ਬੀਬੀ ਹੈ, ਉਹ ਵੀ ਜੰਗ ਦੇ ਮੈਦਾਨ ਵਿੱਚ ਜੂਝੀ ਹੈ ਤੇ ਜ਼ਖਮਾਂ ਨਾਲ ਉਹ ਵੀ ਸਹਿਕ ਰਹੀ ਹੈ। ਇਸ ਮਾਤਾ ਨੇ ਕਿਵੇਂ-ਕਿਵੇਂ ਜੰਗ ਲੜੀ, ਹੁਣ ਸਮਾਂ ਨਹੀਂ। ਇਸ ਦਾ ਘੋੜਾ ਜ਼ਖਮੀ ਹੋ ਗਿਆ। ਮਾਤਾ ਭਾਗ ਕੌਰ ਜੀ ਦਾ ਘੋੜਾ ਜ਼ਖਮੀ ਹੋ ਗਿਆ ਸੀ ਤੇ ਘੋੜੇ ਤੋਂ ਉਤਰ ਕੇ ਕਹਿੰਦੇ, ਸ਼ਸ਼ਤਰ ਹੱਥ ਵਿੱਚ, ਗਤਕਾ ਖੇਡ ਕੇ ਕਿੰਨਿਆਂ ਦੇ ਆਹੂ ਲਾਹੇ। ਸੰਗਤ ਜੀ, ਇਸ ਮਾਤਾ ਭਾਗ ਕੌਰ ਜੀ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਲ ਆ ਕੇ ਆਪ ਜਲ ਛਕਾਇਆ, ਹੋਸ਼ ਵਿੱਚ ਲਿਆਂਦਾ, ਹੋਸ਼ ਆਈ, ਸਾਡੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਜ਼ਖਮਾਂ ਦਾ ਇਲਾਜ ਕਰਵਾਇਆ। ਸਾਰਾ ਹਾਲ ਦੱਸਿਆ ਸੀ, ਭਾਈ ਮਹਾਂ ਸਿੰਘ ਜੀ ਦੀ ਟੁੱਟੀ ਗੰਢ ਲਈ, ਤੇਰੇ ਸਦਕੇ। ਮੱਲ੍ਹਮ ਪੱਟੀ ਕੀਤੀ। ਇਸ ਮਾਤਾ ਭਾਗ ਕੌਰ ਜੀ ਨੇ

ਦੋ ਚੀਜ਼ਾਂ ਮੰਗੀਆਂ। ਪਤੀ ਵੀ ਸ਼ਹੀਦ ਹੋ ਗਿਆ। ਹੋਰ ਵੀ ਨਾਲ ਜਿਹੜੇ ਆਏ ਸੀ, ਉਹ ਵੀ ਸ਼ਹੀਦ ਹੋ ਗਏ। ਇਸ ਨੇ ਦੋ ਚੀਜ਼ਾਂ ਮੰਗੀਆਂ। ਮਹਾਰਾਜ ਜੀ, ਇੱਕ ਨਾਮ ਬਖਸ਼ ਦਿਓ। ਇੱਕ ਹਜ਼ੂਰੀ ਵਿੱਚ ਸੇਵਾ ਬਖਸ਼ ਦਿਓ। ਮਹਾਰਾਜ ਜੀ ਨੇ ਦੋਵੇਂ ਪ੍ਰਵਾਨ ਕੀਤੀਆਂ। ਇਹ ਇਤਿਹਾਸ ਵਿੱਚ ਲਿਖਿਆ ਹੈ ਕਿ ਸਾਬੋ ਕੀ ਤਲਵੰਡੀ ਵੀ ਮਾਤਾ ਭਾਗ ਕੌਰ ਜੀ ਉੱਥੇ ਵੀ ਨਾਲ ਰਹੇ ਹਨ, ਖਾਲਸੇ ਦੀ ਸੇਵਾ ਸੰਭਾਲ ਤੇ ਲੰਗਰ ਵਿੱਚ ਸਹਿਯੋਗ ਦਿੰਦੇ ਰਹੇ। ਇਹ ਮਾਈ ਭਾਗ ਕੌਰ ਜੀ, ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਉੱਥੇ ਵੀ ਕਲਗੀਧਰ ਮਹਾਰਾਜ ਜੀ ਨਾਲ, ਮਾਤਾ ਸਾਹਿਬ ਕੌਰ ਜੀ ਨਾਲ ਨਾਮ ਸਿਮਰਨ ਤੇ ਸੇਵਾ ਸੰਭਾਲ ਵਿੱਚ ਸਹਿਯੋਗ ਕਰਦੇ ਰਹੇ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋਤੀ ਜੋਤ ਸਮਾਏ ਹਨ, ਇਹ ਮਾਤਾ ਭਾਗ ਕੌਰ ਜੀ ਸ੍ਰੀ ਨਾਨਕ ਝੀਰਾ ਸਾਹਿਬ ਚਲੇ ਗਏ। ਉੱਥੇ ਪਿਆਰ ਵਾਲੀਆਂ ਸੰਗਤਾਂ ਇੰਨਾ ਸਤਿਕਾਰ ਕਰਦੀਆਂ ਸੀ ਕਿ ਇਸ ਮਾਤਾ ਜੀ ਨੂੰ ਜਨਵਾੜੇ ਲੈ ਆਈਆਂ। ਆਪਣੇ ਨਗਰ ਜਿੱਥੇ ਇਨ੍ਹਾਂ ਨੇ ਬਾਕੀ ਜੀਵਨ ਬਿਤਾਇਆ ਤੇ ਮਾਤਾ ਭਾਗ ਕੌਰ ਜੀ ਉੱਥੇ ਹੀ ਜੋਤੀ ਜੋਤ ਸਮਾਏ। ਅੱਜ ਵੀ ਉੱਥੇ ਜਨਵਾੜੇ ਇਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਹੈ ਜਿਸ ਤੇ ਲਿਖਿਆ ਹੈ, ਗੁਰਦੁਆਰਾ ਤਪ ਅਸਥਾਨ, ਮਾਈ ਭਾਗ ਕੌਰ ਜੀ। ਜਨਵਾੜੇ ਗੁਰਦੁਆਰਾ ਸਾਹਿਬ ਹੈ, ਇਸ਼ਾਰਾ ਲੈਣਾ। ਵੱਡੀ ਗੱਲ, ਜਿਹੜਾ ਮਾਤਾ ਭਾਗ ਕੌਰ ਜੀ ਹੱਥ ਵਿੱਚ ਨੇਜਾ ਰੱਖਦੇ ਸੀ, ਅੱਜ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਿਹੜੇ ਪਲੰਘ ਸਾਹਿਬ ਉੱਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਸ਼ਤਰ ਬਿਰਾਜਮਾਨ ਹਨ, ਉੱਥੇ ਮਾਤਾ ਭਾਗ ਕੌਰ ਜੀ ਦੇ ਸ਼ਸ਼ਤਰ ਨੂੰ ਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਜਗ੍ਹਾ ਮਿਲੀ ਹੋਈ ਹੈ। ਉੱਥੇ ਦਰਸ਼ਨ ਕਰਵਾਉਂਦੇ ਹਨ। ਗੁਰੂ ਸਾਹਿਬ ਨੇ ਆਪ ਚਰਨਾਂ ਵਿੱਚ ਜਗ੍ਹਾ ਦਿੱਤੀ। ਇਹ ਮਾਤਾ ਭਾਗ ਕੌਰ ਜੀ ਦਾ ਨੇਜ਼ਾ ਹੈ। ਇਸ ਅੰਕ ਵਿੱਚ ਸਤਿਗੁਰੂ ਜੀ ਨੇ ਤਰਸ ਕਰਕੇ ਮਾਤਾ ਭਾਗ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਪੜ੍ਹੋ ਪੰਕਤੀਆਂ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

***—ਅਗਲੇ ਅੰਕ ਵਿੱਚ ਪੰਦਰਵਾਂ ਭਾਗ ਪੜ੍ਹੋ ਜੀ।***

***

---

**ਸਿਫਤਿ ਸਾਲਾਹ ਪੜ੍ਹੋ** **ਮੈਨੂੰ ਜ਼ਰੂਰ ਪੜ੍ਹੋ** **ਸਿਫਤਿ ਸਾਲਾਹ ਕਰੋ**

ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਿਛਲੇ 22 ਸਾਲਾਂ ਤੋਂ ਸਿਫਤਿ ਸਾਲਾਹ ਨਿਰੋਲ ਧਾਰਮਿਕ ਰਸਾਲਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਛਾਪ ਕੇ ਸੰਗਤਾਂ ਦੇ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਸਿਫਤਿ ਸਾਲਾਹ ਦੀ ਛਪਾਈ ਤੋਂ ਲੈ ਕੇ ਪੋਸਟ ਕਰਨ ਤੱਕ ਦੇ ਖਰਚੇ ਵੱਧ ਜਾਣ ਕਰਕੇ ਰਸਾਲੇ ਦੇ ਚੰਦੇ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਸੰਗਤਾਂ ਅਸੀਸ ਬਖਸ਼ ਕੇ ਇਸੇ ਤਰ੍ਹਾਂ ਅਗਾਂਹ ਵੀ ਸਹਿਯੋਗ ਬਖਸ਼ੋਗੇ। ਰਸਾਲੇ ਦਾ ਚੰਦਾ ਹੁਣ ਇਸ ਪ੍ਰਕਾਰ ਹੈ ਜੀ। ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 150/- | 1200/- |
| ਦੋ ਸਾਲ | 300/- | 2400/- |
| ਪੰਜ ਸਾਲ | 600/- | 4800/- |
| ਲਾਈਫ | 2400/- | 19200/- |

# ਸਵਾਲ ਜਵਾਬ
# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**477. ਸਵਾਲ: ਸਤਿਕਾਰਯੋਗ ਵੀਰ ਜੀ, ਸਿੱਖ ਦੀ ਗੁਰੂ ਸਾਹਿਬ ਤੇ ਕਿਹੋ ਜਿਹੀ ਭਾਵਨਾ ਹੋਣੀ ਚਾਹੀਦੀ ਹੈ?**

**ਜਵਾਬ:** ਬਹੁਤ ਮਹੱਤਵਪੂਰਨ ਵਿਸ਼ਾ ਹੈ, ਗੁਰੂ ਸਾਹਿਬ ਤੇ ਭਾਵਨਾ ਦਾ। ਖੋਜੀਆਂ ਨੇ ਚਾਰ ਤਰ੍ਹਾਂ ਦੀ ਭਾਵਨਾ ਗਿਣੀ ਹੈ। ਤੁਸੀਂ ਚੈੱਕ ਕਰਨਾ, ਤੁਹਾਡੀ ਕਿਹੜੀ ਭਾਵਨਾ ਹੈ, ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ। ਇਹ ਦਸ ਪਾਤਸ਼ਾਹੀਆਂ ਇੱਕੋ ਜੋਤ ਹੈ ਤੇ ਉਹ ਹੀ ਜੋਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਹੈ। ਤੁਹਾਡੇ ਵਿੱਚੋਂ ਕੋਈ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰਦਾ ਹੈ, ਕੋਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਚਰਨਾਂ ਦਾ ਧਿਆਨ ਧਰਦਾ ਹੈ, ਕੋਈ ਕਲਗੀਧਰ ਪਿਤਾ ਜੀ ਦੇ ਚਰਨਾਂ ਦਾ ਧਿਆਨ ਧਰਦਾ ਹੈ, ਜੋਤ ਇੱਕ ਹੀ ਹੈ। ਗੁਰੂ ਉੱਤੇ ਚਾਰ ਤਰ੍ਹਾਂ ਦੀਆਂ ਭਾਵਨਾ ਖੋਜੀਆਂ ਨੇ ਗਿਣੀ ਹੈ। ਇਹ ਸਾਡੀ ਭਗਤੀ ਦਾ ਬੜਾ ਵੱਡਾ ਸਬਜੈਕਟ ਹੈ।

ਪਹਿਲੀ ਭਾਵਨਾ ਖੋਜੀਆਂ ਨੇ ਗਿਣੀ ਹੈ, ਕਈਆਂ ਦੀ ਭਾਵਨਾ ਹੁੰਦੀ ਹੈ, ਮੇਰਾ ਗੁਰੂ ਆਮ ਵਿਅਕਤੀ ਹੈ। ਇਹ ਭਾਵਨਾ ਕਦੀ ਨਾ ਰੱਖਣਾ। ਇਹ ਨਿਰਾਦਰੀ ਹੈ ਕਿ ਗੁਰੂ ਸਾਹਿਬ ਆਮ ਵਿਅਕਤੀ ਹਨ। ਦੂਜੀ ਭਾਵਨਾ ਹੁੰਦੀ ਹੈ, ਮੇਰੇ ਗੁਰੂ ਸਾਹਿਬ ਸੰਤ ਹਨ। ਇਹ ਭਾਵਨਾ ਵੀ ਨਾ ਰੱਖਣਾ। ਤੁਸੀਂ ਗੁਰੂ ਸਾਹਿਬ ਤੇ ਸੰਤ ਦੀ ਭਾਵਨਾ ਰੱਖ ਲਓ, ਇਹ ਨਿਰਾਦਰੀ ਹੈ। ਦਾਸ ਇੱਕ ਕਿਤਾਬ ਵਿੱਚ ਪੜ੍ਹ ਰਿਹਾ ਸੀ, ਉਸ ਵਿੱਚ ਲਿਖਿਆ ਸੀ, ਦੁਨੀਆਂ ਤੇ ਦਸ ਸੰਤ ਹੋਏ ਹਨ, ਗਿਆਰ੍ਹਵਾਂ ਨਹੀਂ ਹੋਇਆ। ਉਹ ਬੰਦਾ ਆਪਣੀ ਕਲਮ ਨਾਲ ਦਸ ਗੁਰੂ ਸਾਹਿਬਾਨ ਨੂੰ ਦਸ ਸੰਤ ਲਿਖ ਰਿਹਾ ਹੈ। ਉਸ ਲਿਖਾਰੀ ਨੇ ਕਿਤਾਬ ਲਿਖੀ ਹੈ ਪਰ ਸੱਚ ਜਾਣਿਓ

ਰੱਬ ਦੀ ਦਰਗਾਹ ਵਿੱਚ ਨਾ ਉਸ ਦੀ ਕਿਤਾਬ ਮਨਜ਼ੂਰ ਹੋਣੀ ਹੈ, ਨਾ ਉਸ ਦਾ ਲਿਖਿਆ ਮਨਜ਼ੂਰ ਹੋਣਾ ਹੈ। ਕਿਉਂਕਿ ਉਸ ਨੇ ਉਸਤਤ ਨਹੀਂ ਲਿਖੀ, ਨਿਰਾਦਰੀ ਲਿਖੀ ਹੈ।

ਹੁਣ ਤੁਹਾਡੇ ਇਲਾਕੇ ਵਿੱਚ ਕੋਈ ਪ੍ਰੋਫੈਸਰ ਹੋਵੇ, ਉਸ ਨੂੰ ਵਿਦਿਆਰਥੀ ਕਹੋ ਤੇ ਕੀ ਉਸ ਦੀ ਨਿਰਾਦਰੀ ਹੈ ਜਾਂ ਸਿਫਤ ਹੈ। ਪ੍ਰੋਫੈਸਰ ਤਾਂ ਵਿਦਿਆਰਥੀ ਤਿਆਰ ਕਰਨਾ ਵਾਲਾ ਹੈ, ਉਸਨੂੰ ਵਿਦਿਆਰਥੀ ਕਹਾਂਗੇ ਤੇ ਨਿਰਾਦਰੀ ਹੈ। ਗੁਰੂ ਸਾਹਿਬ ਤਾਂ ਇੰਨੇ ਵੱਡੇ ਹਨ ਕਿ ਜੇਕਰ ਮਿਹਰ ਦੀ ਨਦਰਿ ਨਾਲ ਕੌਡੇ ਰਾਖਸ਼ ਵੱਲ ਵੀ ਵੇਖ ਲੈਣ ਤਾਂ ਉਸ ਨੂੰ ਸੰਤ ਬਣਾ ਦਿੰਦੇ ਹਨ। ਸੱਜਣ ਠੱਗ ਵੱਲ ਨਿਗ੍ਹਾ ਹੀ ਕਰ ਲੈਣ ਤੇ ਉਸ ਨੂੰ ਸੰਤ ਬਣਾ ਦਿੰਦੇ ਹਨ। ਜਾਨੀ ਸਾਈਅਦ ਛੇਵੇਂ ਪਾਤਸ਼ਾਹੀ ਜੀ ਵੇਲੇ, ਇਹ ਕਹੇ ਕਿ ਜਾਨੀ ਕੋ ਜਾਨੀ ਸੇ ਮਿਲਾ ਦੋ। ਹੁਣ ਛੇਵੇਂ ਪਾਤਸ਼ਾਹ ਜੀ ਸਿਰ ਤੇ ਸਿਰਫ ਹੱਥ ਹੀ ਰੱਖਦੇ ਹਨ, ਉਸਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਮਹਾਰਾਜ ਜੀ ਬਚਨ ਕਰਦੇ ਹਨ, ਫਲਾਣੇ ਇਲਾਕੇ ਵਿੱਚ ਜਾਓ, ਤੁਹਾਡੀ ਰਸਨਾ ਤੇ ਗੁਰੂ ਨਾਨਕ ਮਹਾਰਾਜ ਜੀ ਵੱਸਣਗੇ, ਟੁੱਟਿਆਂ ਨੂੰ ਜੋੜੋ।

ਤੁਸੀਂ ਹੈਰਾਨ ਹੋਵੋਗੇ, ਗੁਰੂ ਸਾਹਿਬ ਦੇ ਘੋੜਿਆਂ ਦੀ ਲਿੱਦ ਚੁੱਕਣ ਵਾਲਾ ਖਵਾਜਾ ਰੌਸ਼ਨ ਉਸ ਤੇ ਮਹਾਰਾਜ ਜੀ ਪ੍ਰਸੰਨ ਹੋ ਗਏ, ਨਦਰਿ ਵੀ ਕੀਤੀ ਤੇ ਬ੍ਰਹਮ ਗਿਆਨ ਵੀ ਬਖਸ਼ ਦਿੱਤਾ। ਇਸ ਨੂੰ ਕੀ ਕਹੋਗੇ? ਗੁਰੂ ਸਾਹਿਬ ਇੰਨੇ ਵੱਡੇ ਹਨ, ਜਿਸ ਕਿਸੇ ਤੇ ਵੀ ਨਦਰਿ ਕਰ ਦੇਣ ਤੇ ਉਸ ਨੂੰ ਸੰਤ ਬਣਾ ਦਿੰਦੇ ਹਨ।

ਤੀਜੀ ਭਾਵਨਾ ਹੈ, ਮੇਰਾ ਗੁਰੂ ਗੁਰੂ ਹੈ ਤੇ ਰੱਬ ਕੋਈ ਹੋਰ ਹੈ ਪਰ ਜਿਨ੍ਹਾਂ ਦੀ ਅੱਖ ਨੇ ਵੇਖ ਲਿਆ, ਉਹ ਗੁਰੂ ਸਾਹਿਬ ਤੇ ਚੌਥੀ ਭਾਵਨਾ ਰੱਖਦੇ ਹਨ। ਉਹ ਕੀ? ਮੇਰਾ ਗੁਰੂ ਆਮ ਵਿਅਕਤੀ ਨਹੀਂ, ਮੇਰਾ ਗੁਰੂ ਸੰਤ ਨਹੀਂ, ਮੇਰਾ ਗੁਰੂ ਸਿਰਫ ਗੁਰੂ ਨਹੀਂ, ਉਨ੍ਹਾਂ ਦੀ ਭਾਵਨਾ ਹੁੰਦੀ ਹੈ, ਮੇਰਾ ਗੁਰੂ ਪਾਰਬ੍ਰਹਮ ਪਰਮੇਸ਼ਰ ਹੈ।

ਇਹ ਭਾਵਨਾ ਦਾਸ ਦੀ ਲਾਈਫ ਵਿੱਚ ਵੀ ਨਹੀਂ ਸੀ। ਛੋਟੇ ਹੁੰਦੇ, ਸ੍ਰੀ ਦਰਬਾਰ ਸਾਹਿਬ ਜਾਣਾ ਤੇ ਭਾਵਨਾ ਹੋਣੀ, ਸ੍ਰੀ ਦਰਬਾਰ ਸਾਹਿਬ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਆਏ ਹਾਂ ਪਰ ਰੱਬ ਕੋਈ ਹੋਰ ਹੈ ਪਰ ਫਿਰ ਜਦੋਂ ਸਹਿਜ ਪਾਠਾਂ ਦੀ ਗੁਰੂ ਸਾਹਿਬ ਨੇ ਸੇਵਾ ਲਈ, ਭਾਈ ਗੁਰਦਾਸ ਜੀ ਦੀਆਂ ਵਾਰਾਂ ਪੜ੍ਹੀਆਂ, ਭਾਈ ਨੰਦ ਲਾਲ ਜੀ ਦੀ ਬਾਣੀ ਪੜ੍ਹੀ, ਭੱਟਾਂ ਦੇ ਸਵੱਈਏ ਪੜ੍ਹੇ ਤੇ ਫਿਰ ਸੋਝੀ ਆਈ ਕਿ ਧੰਨ ਗੁਰੂ ਰਾਮਦਾਸ ਜੀ ਮਹਾਰਾਜ, ਤੁਸੀਂ ਆਪ ਹੀ ਰੱਬ ਹੋ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥੪॥੧॥੮॥***

***(ਅੰਗ ੪੪੨)***

***ਨਾਨਕ ਸੋਧੇ ਸਿੰਮ੍ਰਿਤਿ ਬੇਦ॥***
***ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥੨੪॥***

***(ਅੰਗ ੧੧੪੨)***

***ਭਨਿ ਮਥੁਰਾ ਕਛੁ ਭੇਦੁ ਨਹੀ***
***ਗੁਰੁ ਅਰਜੁਨੁ ਪਰਤਖ੍ਹ ਹਰਿ॥੭॥੧੯॥***

***(ਅੰਗ ੧੪੦੯)***

ਇਸ ਲਈ ਗੁਰੂ ਸਾਹਿਬ ਤੇ ਇਹ ਉੱਤਮ ਭਾਵਨਾ ਰੱਖਣੀ ਕਿ ਮੇਰੇ ਗੁਰੂ ਸਾਹਿਬ ਆਪ ਪਰਮੇਸ਼ਰ ਸਰੂਪ ਹਨ ਤੇ ਇਨ੍ਹਾਂ ਤੋਂ ਵੱਡਾ ਹੋਰ ਕੋਈ ਨਹੀਂ।

***

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

—ਭਾਈ ਪਾਲ ਸਿੰਘ

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ**

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**ਨੌਵੇਂ ਪਾਤਸ਼ਾਹ ਜੀ ਦਾ ਪੰਜਵਾਂ ਸਲੋਕ :**

***ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥***
***ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥***

*(ਅੰਗ ੧੪੨੬)*

ਨੌਵੇਂ ਪਾਤਸ਼ਾਹ ਜੀ ਫ਼ਰਮਾਉਂਦੇ ਹਨ ਦੌਲਤ, ਇਸਤਰੀ ਅਤੇ ਹੋਰ ਸਮੱਗਰੀ ਜਿਨ੍ਹਾਂ ਨੂੰ ਤੂੰ ਆਪਣੀ ਮੰਨ ਰਿਹਾ ਹੈ। ਅੰਤ ਸਮੇਂ ਇਨ੍ਹਾਂ ਵਿੱਚੋਂ ਕਿਸੇ ਵੀ ਸਾਥੀ ਨਹੀਂ ਹੋਣਾ।

ਨੌਵੇਂ ਪਾਤਸ਼ਾਹ ਜੀ ਫ਼ਰਮਾਉਂਦੇ ਹਨ ਧਨ, ਸਮੱਗਰੀ ਤਾਂ ਕੀ ਜਾਣੀ ਹੈ ਜਿਹੜਾ ਸਰੀਰ ਤੂੰ ਜੰਮਣ ਵੇਲੇ ਲੈ ਕੇ ਆਇਆ ਸੀ, ਉਹ ਵੀ ਤੇਰੇ ਨਾਲ ਨਹੀਂ ਜਾਣਾ।

*ਪ੍ਰਮਾਣ :*

***ਜੋ ਤਨੁ ਉਪਜਿਆ ਸੰਗ ਹੀ***
***ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥***

*(ਅੰਗ ੭੨੬)*

ਇੱਕ 90 ਸਾਲ ਦਾ ਬਜ਼ੁਰਗ ਪੈਸਿਆਂ ਵਾਲਾ ਪੀਪਾ ਜ਼ਮੀਨ ਵਿੱਚ ਨੱਪ ਕੇ ਉੱਪਰ ਸੌਂਦਾ ਸੀ ਕਿ ਕੋਈ ਚੁਰਾ ਕੇ ਨਾ ਲੈ ਜਾਵੇ। ਇੱਕ ਦਿਨ ਰਾਤ ਸੁੱਤੇ ਨੂੰ ਯਮ ਲੈਣ ਵਾਸਤੇ ਆ ਗਏ ਤੇ ਕਹਿੰਦੇ ਤੂੰ ਇਸ ਸੰਸਾਰ ਵਿੱਚ ਆ ਕੇ ਕੀ ਖੱਟਿਆ ਤੇ ਕੀ ਗਵਾਇਆ ਹੈ? ਜਲਦੀ ਚੱਲ ਤੈਨੂੰ ਧਰਮ ਰਾਜ ਦੇ ਦਰਬਾਰ ਵਿੱਚ ਬੁਲਾਇਆ ਗਿਆ ਹੈ।

*ਪ੍ਰਮਾਣ :*

***ਕਿਆ ਤੈ ਖਟਿਆ ਕਹਾ ਗਵਾਇਆ ॥***
***ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥***

*(ਅੰਗ ੭੯੨)*

ਇਹ ਜੀਵ ਅਜੇ ਵੀ ਮਾਇਆ ਦੇ ਲਾਲਚ ਵਿੱਚ ਯਮਾਂ ਨੂੰ ਕਹਿੰਦਾ ਹੈ ਕਿ ਮੈਨੂੰ ਅੱਜ ਦੀ ਰਾਤ ਛੱਡ ਦਿਓ। ਮੈਂ ਪਿੰਡ ਵਾਲਿਆਂ ਤੋਂ ਬਾਕੀ ਪੈਸੇ ਲੈਣੇ ਹਨ। ਉਹ ਅੱਜ ਹੀ ਹਿਸਾਬ-ਕਿਤਾਬ ਨਬੇੜ ਲੈਣ ਦਿਓ। ਕੁਝ ਤੁਹਾਡੇ ਲਈ ਵੀ ਖਰਚ ਦਾ ਪ੍ਰਬੰਧ ਕਰ ਲਵਾਂਗਾ।

*ਪ੍ਰਮਾਣ :*

***ਕਰਉ ਅਰਦਾਸਿ ਗਾਵ ਕਿਛੁ ਬਾਕੀ ॥***
***ਲੇਉ ਨਿਬੇਰਿ ਆਜੁ ਕੀ ਰਾਤੀ ॥***
***ਕਿਛੁ ਭੀ ਖਰਚੁ ਤੁਮ੍ਾਰਾ ਸਾਰਉ ॥***
***ਸੁਬਹ ਨਿਵਾਜ ਸਰਾਇ ਗੁਜਾਰਉ ॥੨॥***

*(ਅੰਗ ੭੯੨)*

ਯਮ ਕਹਿਣ ਲੱਗੇ ਮੂਰਖਾ ਜਿਸ ਧਨ ਦੀ ਤੂੰ ਸਾਨੂੰ ਰਿਸ਼ਵਤ ਦੇਣੀ ਚਾਹੁੰਦਾ ਹੈ, ਇਹ ਧਨ ਅੱਗੇ ਨਾਲ ਨਹੀਂ ਜਾਂਦਾ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ :

***ਸੰਗਿ ਨ ਚਾਲਸਿ ਤੇਰੈ ਧਨਾ ॥***

***ਤੂੰ ਕਿਆ ਲਪਟਾਵਹਿ ਮੂਰਖ ਮਨਾ ॥***

*(ਅੰਗ ੨੮੮)*

ਹੁਣ ਬਜ਼ੁਰਗ ਆਪਣੀ ਮਾਇਆ ਵੱਲ ਵੇਖ ਕੇ ਕਹਿਣ ਲੱਗਾ, ਹੇ ਮਾਇਆ! ਮੈਂ ਤੈਨੂੰ ਇਕੱਠਾ ਕਰਨ ਲਈ ਕਿੰਨੇ ਵਲ-ਛਲ, ਫਰੇਬ, ਭੱਜ-ਦੌੜ ਕੀਤੀ। ਹੁਣ ਤੂੰ ਇੱਕ ਕਦਮ ਵੀ ਮੇਰੇ ਨਾਲ ਨਹੀਂ ਜਾ ਸਕਦੀ? ਮਾਇਆ ਨੇ ਆਖਿਆ, ਮੈਂ ਤਾਂ ਬਣੀ ਸੀ ਕਿਸੇ ਭੁੱਖੇ ਦੀ ਭੁੱਖ ਮਿਟਾਉਣ ਵਾਸਤੇ, ਕਿਸੇ ਨੰਗੇ ਦਾ ਤਨ ਕੱਜਣ ਵਾਸਤੇ ਪਰ ਤੂੰ ਮੈਨੂੰ ਜ਼ਮੀਨ ਵਿੱਚ ਦੱਬ ਛੱਡਿਆ ਹੈ। ਹੁਣ ਸਰੀਰ ਤੇਰਾ ਮਿੱਟੀ ਵਿੱਚ ਮਿਲ ਜਾਏਗਾ ਤੇ ਖਾਲੀ ਹੱਥ ਨੰਗੇ ਹੀ ਅੱਗੇ ਜਾਣਾ ਪਵੇਗਾ।

*ਪ੍ਰਮਾਣ :*

***ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥***
***ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥੨॥***

*(ਅੰਗ ੮੦੯)*

ਇਸ ਲਈ ਜੋੜੇ ਹੋਏ ਧਨ ਨੂੰ ਧਰਮ ਅਰਥ ਖਰਚ ਕਰਨਾ ਹੀ ਉਸਦੀ ਹਿਫਾਜ਼ਤ ਹੈ। ਜਿਵੇਂ ਖੂਹ ਦੇ ਪਾਣੀ ਨੂੰ ਕੱਢਣ ਨਾਲ ਉਸਦੀ ਰੱਖਿਆ।

ਹਜਰਤ ਮੁਹੰਮਦ ਸਾਹਿਬ ਦੇ ਵੀ ਬਚਨ ਹਨ :

***ਖੁਦਾ ਕਹਿੰਦਾ ਹੈ ਤੁਸੀਂ ਵੰਡੋ, ਮੈਂ ਤੁਹਾਨੂੰ ਹੋਰ ਦੇਵਾਂਗਾ।***

ਪੰਜਵੇਂ ਪਾਤਸ਼ਾਹ ਜੀ ਕਹਿੰਦੇ ਹਨ ਜੀਵਨ ਮਨੋਰਥ ਦੀ ਸੂਝ ਤੋਂ ਬਿਨਾਂ ਮਨੁੱਖ ਇਉਂ ਹੈ ਜਿਵੇਂ ਕੋਈ ਕੰਜੂਸ ਦੌੜ-ਭੱਜ ਕਰ-ਕਰ ਕੇ ਮਿਹਨਤ ਕਰਦਾ ਹੈ। ਮਾਇਆ ਜੋੜਦਾ ਹੈ ਪਰ ਉਸ ਨਾਲ ਕੋਈ ਦਾਨ-ਪੁੰਨ ਨਹੀਂ ਕਰਦਾ, ਸੰਤ ਜਨਾ ਦੀ ਸੇਵਾ ਭੀ ਨਹੀਂ ਕਰਦਾ। ਉਹ ਧਨ ਉਸਦੇ ਕਿਸੇ ਕੰਮ ਨਹੀਂ ਆਉਂਦਾ।

***ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥***
***ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥***

*(ਅੰਗ ੭੧੨)*

ਭਗਤ ਕਬੀਰ ਜੀ ਵੀ ਕਹਿੰਦੇ ਹਨ ਕਿ ਜਿਵੇਂ ਪੁਰਾਣੇ ਵਪਾਰੀ ਲੋਕ ਰੁਪਇਆਂ ਨੂੰ ਵਾਂਸਲੀ ਵਿੱਚ ਪਾ ਕੇ ਲੱਕ ਨਾਲ ਬੰਨ ਲੈਂਦੇ ਸਨ ਕਿ ਚੁਰਾਏ ਨਾ ਜਾਣ ਪਰ ਪ੍ਰਭੂ ਨਾਲੋਂ ਟੁੱਟ ਕੇ ਨਿਰੀ ਮਾਇਆ ਜੋੜਨ ਦਾ ਕੀ ਲਾਭ ਜਿਸ ਨੇ ਲੱਖਾਂ ਕ੍ਰੋੜਾਂ ਭੀ ਇਕੱਠੇ ਕਰ ਲਏ ਪਰ ਸੰਸਾਰ ਤੋਂ ਤੁਰਨ ਵੇਲੇ ਉਸਦੀ ਵਾਂਸਲੀ ਭੀ ਤੋੜ ਕੇ ਲਾਹ ਲੈਂਦੇ ਹਨ।

*ਪ੍ਰਮਾਣ :*

***ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥***
***ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥੧੪੪॥***

*(ਅੰਗ ੧੩੭੨)*

ਅਸੀਂ ਸੰਸਾਰ ਤੇ ਇੱਕ ਨਾਮ ਦਾ ਵਪਾਰ ਕਰਨ ਆਏ ਹਾਂ। ਇਸ ਲਈ ਇਸ ਸੰਸਾਰ ਵਿੱਚ ਇਸ ਤਰ੍ਹਾਂ ਨੌਕਰ ਬਣ ਕੇ ਵਿਚਰਨਾ ਹੁੰਦਾ ਹੈ। ਸਵੇਰੇ ਆਏ ਖੇਤ ਦੀ ਰਾਖੀ ਕੀਤੀ ਤੇ ਸ਼ਾਮ ਨੂੰ ਵਾਪਸ ਚਲੇ ਗਏ।

*ਪ੍ਰਮਾਣ :*

***ਜਿਉ ਰਾਖਾ ਖੇਤ ਊਪਰਿ ਪਰਾਏ ॥***
***ਖੇਤੁ ਖਸਮ ਕਾ ਰਾਖਾ ਉਠਿ ਜਾਏ ॥***

*(ਅੰਗ ੧੭੯)*

ਇਸੇ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਸਮਝਾ ਰਹੇ ਹਨ ਕਿ ਇਸ ਸੰਸਾਰ ਵਿੱਚ ਜਿਨ੍ਹਾਂ ਨੂੰ ਤੂੰ ਆਪਣੇ ਮੰਨ ਰਿਹਾ ਹੈਂ, ਅੰਤ ਸਮੇਂ ਕਿਸੇ ਵੀ ਸਾਥੀ ਨਹੀਂ ਹੋਣਾ।

### ਨੌਵੇਂ ਪਾਤਸ਼ਾਹ ਜੀ ਦਾ ਛੇਵਾਂ ਸਲੋਕ :

***ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥***
***ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥***

*(ਅੰਗ ੧੪੨੬)*

ਪਾਪੀਆਂ ਨੂੰ ਤਾਰਨ ਵਾਲਾ ਅਤੇ ਯਮਾਂ ਦਾ ਡਰ ਦੂਰ ਕਰਨ ਵਾਲਾ ਜੋ ਹਰੀ ਅਨਾਥਾਂ ਦਾ ਨਾਥ ਹੈ, ਉਸ ਨੂੰ ਐਸਾ ਜਾਣ ਕਿ ਸਦਾ ਹੀ ਤੇਰੇ ਨਾਲ

ਵੱਸ ਰਿਹਾ ਹੈ।

ਅਜਾਮਲ ਪਾਪੀ ਨੂੰ ਸਾਰਾ ਜਗ ਜਾਣਦਾ ਸੀ ਪਰ ਉਸਨੇ ਵੀ ਜਦੋਂ ਆਪਣੇ ਗੁਰੂ ਦੇ ਬਚਨਾਂ ਅਨੁਸਾਰ ਅੰਤ ਵੇਲੇ ਨਰਾਇਣ ਨਰਾਇਣ ਕਹਿ ਕੇ ਆਪਣੇ ਪੁੱਤਰ ਨੂੰ ਹੀ ਪੁਕਾਰਿਆ ਤਾਂ ਉਸ ਵੇਲੇ ਯਮਾਂ ਦਾ ਡਰ ਦੂਰ ਹੋ ਗਿਆ ਤੇ ਉਸਨੂੰ ਦੇਵਗਣ ਲੈਣ ਵਾਸਤੇ ਆ ਗਏ ਸਨ।

*ਪ੍ਰਮਾਣ :*

***ਅਜਾਮਲੁ ਉਧਰਿਆ ਕਹਿ ਏਕ ਬਾਰ ॥***

*(ਅੰਗ ੧੧੯੨)*

*ਪ੍ਰਮਾਣ :*

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***

*(ਅੰਗ ੬੩੨)*

ਗਨਕਾ ਵੇਸਵਾ ਇੱਕ ਤੋਤੇ ਨੂੰ ਰਾਮ ਰਾਮ ਪੜ੍ਹਾਉਂਦੀ ਹੋਈ ਬੈਕੁੰਠ ਧਾਮ ਨੂੰ ਚਲੀ ਗਈ ਸੀ।

*ਪ੍ਰਮਾਣ :*

***ਸੂਆ ਪੜਾਵਤ ਗਨਿਕਾ ਤਰੀ ॥***

*(ਅੰਗ ੮੭੪)*

*ਪ੍ਰਮਾਣ :*

***ਗਨਿਕਾ ਉਧਰੀ ਹਰਿ ਕਹੈ ਤੋਤ ॥***

*(ਅੰਗ ੧੧੯੨)*

ਕਲਗੀਧਰ ਪਾਤਸ਼ਾਹ ਜੀ ਸ੍ਰੀ ਮੁਕਤਸਰ ਸਾਹਿਬ ਤੋਂ ਵਾਪਸ ਜਾਂਦੇ ਹੋਏ ਰੁਪਾਣੇ ਨਾਂ ਦੇ ਸ਼ਰਧਾਲੂ ਦੇ ਬੇਨਤੀ ਕਰਨ ਤੇ ਉਸ ਦੀ ਢਾਬ ਤੇ ਅਰਾਮ ਕਰਨ ਰੁਕੇ। ਉੱਥੇ ਇੱਕ ਘੋਗੜ ਕਾਂ, ਕਾਂ-ਕਾਂ ਕਰਦਾ ਹੋਇਆ ਇਧਰ-ਉਧਰ ਉੱਡ ਰਿਹਾ ਸੀ। ਸਤਿਗੁਰੂ ਜੀ ਨੇ ਤੀਰ ਮਾਰ ਕੇ ਉਸ ਦਾ ਕਲਿਆਣ ਕਰ ਦਿੱਤਾ। ਉਸ ਵੇਲੇ ਨਵੀਂ ਬਣੀ ਸੰਗਤ ਗੁਰੂ ਜੀ ਦੇ ਨਾਲ ਸੀ। ਉਨ੍ਹਾਂ ਬੇਨਤੀ ਕੀਤੀ, ਪਾਤਸ਼ਾਹ ਜੀ! ਆਪ ਜੀ ਨੇ ਇਸ ਗੰਦ-ਮੰਦ ਖਾਣ ਵਾਲੇ ਜੀਵ ਨੂੰ ਕਿਉਂ ਮਾਰਿਆ ਹੈ? ਸੰਗਤ ਦੀ ਬੇਨਤੀ ਸੁਣਕੇ ਗੁਰੂ ਜੀ ਨੇ ਦੱਸਿਆ, ਇਹ ਪੁਰਾਣੇ ਸਮੇਂ ਦਾ ਰਾਜਾ ਸੀ। ਕਿਸੇ ਮਹਾਂਪੁਰਖ ਦੀ ਸੰਗਤ ਵੀ ਕਰਦਾ ਸੀ ਪਰ ਇਸ ਅੰਦਰ ਕਾਮ ਵਾਸਨਾ ਵੀ ਬਹੁਤ ਸੀ। ਇੱਕ ਵਾਰੀ ਕਿਸੇ ਸਿੱਖ ਨੇ ਆਪਣੇ ਘਰ ਸੰਗਤ ਪ੍ਰਸ਼ਾਦਾ ਛਕਾਉਣ ਵਾਸਤੇ ਬੁਲਾਈ। ਉਸ ਸਿੱਖ ਨੇ ਰਾਜੇ ਨੂੰ ਵੀ ਬੇਨਤੀ ਕੀਤੀ ਕਿ ਮੇਰੇ ਘਰ ਚਰਨ ਪਾ ਕੇ ਮੈਨੂੰ ਕ੍ਰਿਤਾਰਥ ਕਰਨਾ। ਜਦੋਂ ਰਾਜਾ ਵੀ ਇਸ ਸਿੱਖ ਦੇ ਘਰ ਪ੍ਰਸ਼ਾਦਾ ਛਕਣ ਆਇਆ ਤਾਂ ਸਿੱਖ ਦੀ ਲੜਕੀ ਜੋ ਬਹੁਤ ਖ਼ੂਬਸੂਰਤ ਸੀ ਉਹ ਵੀ ਲੰਗਰ ਵਰਤਾਉਣ ਲੱਗ ਪਈ। ਇਸ ਰਾਜੇ ਨੇ ਜਦੋਂ ਉਸ ਲੜਕੀ ਵੱਲ ਵੇਖਿਆ ਤਾਂ ਇਸ ਦੇ ਅੰਦਰ ਮੰਦ ਭਾਵਨਾ ਜਾਗ ਪਈ। ਜਦੋਂ ਸਾਰੀ ਸੰਗਤ ਪ੍ਰਸ਼ਾਦਾ ਛਕ ਕੇ ਚੱਲੀ ਤਾਂ ਇਸ ਰਾਜੇ ਨੇ ਸਿੱਖ ਨੂੰ ਕਿਹਾ, "ਮੈਂ ਦੇਸ਼ ਦਾ ਰਾਜਾ ਹਾਂ।" ਮੇਰੇ ਹੁਕਮ ਨੂੰ ਕੋਈ ਮੋੜ ਨਹੀਂ ਸਕਦਾ। ਇਸ ਲਈ ਮੈਂ ਤੈਨੂੰ ਕਹਿੰਦਾ ਹਾਂ, ਕੱਲ੍ਹ ਨੂੰ ਇਹ ਆਪਣੀ ਲੜਕੀ ਮੇਰੇ ਮਹਿਲਾਂ ਵਿੱਚ ਭੇਜਣ ਦਾ ਪ੍ਰਬੰਧ ਕਰ। ਜੇ ਤੂੰ ਮੇਰੇ ਹੁਕਮ ਦੀ ਪਰਵਾਹ ਨਾ ਕੀਤੀ ਤਾਂ ਸਾਰੇ ਪਰਿਵਾਰ ਨੂੰ ਮੌਤ ਦਾ ਦੰਡ ਵੀ ਦੇ ਦੇਵਾਂਗਾ।

ਜਦੋਂ ਇਸ ਸਾਰੀ ਗੱਲ ਦਾ ਪਤਾ ਲੜਕੀ ਨੂੰ ਲੱਗਾ ਤਾਂ ਉਸਨੇ ਕਿਹਾ, "ਪਿਤਾ ਜੀ, ਇਹ ਸਾਰੀ ਉਲਝਣ ਮੇਰੇ ਕਰਕੇ ਹੀ ਪਈ ਹੈ। ਤੁਸੀਂ ਚਿੰਤਾ ਨਾ ਕਰੋ। ਤੁਹਾਡੀ ਇੱਜ਼ਤ ਸੁਰੱਖਿਅਤ ਰਹੇਗੀ।

ਅਗਲੇ ਦਿਨ ਰਾਜੇ ਦੇ ਅਹਿਲਈਏ ਆਏ ਤੇ ਲੜਕੀ ਨੂੰ ਰਾਜ ਭਵਨ ਲੈ ਗਏ। ਲੜਕੀ ਨੇ ਰਾਜੇ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ ਪਰ ਰਾਜੇ ਨੂੰ ਕਾਮ ਮਦ ਚੜ੍ਹ ਜਾਣ ਕਰਕੇ ਕੋਈ ਉਪਦੇਸ਼ ਅਸਰ ਨਾ ਕਰ ਸਕਿਆ। ਉਸਨੇ ਲੜਕੀ ਨੂੰ ਜ਼ਬਰਦਸਤੀ ਪਕੜ ਲਿਆ ਤਾਂ ਲੜਕੀ ਨੇ ਆਪਣਾ ਸਤਿ ਬਚਾਉਣ ਲਈ ਜ਼ਹਿਰ ਖਾ ਲਿਆ

ਤੇ ਆਖਿਆ, "ਰਾਜਨ! ਤੇਰੇ ਅੰਦਰ ਮੰਦ ਭਾਵਨਾ ਹੈ। ਤੂੰ ਗੰਦਗੀ ਖਾਣ ਲੱਗਿਆ ਹੈ। ਤੈਨੂੰ ਸੋ ਜਨਮ ਗੰਦਗੀ ਖਾਣ ਵਾਲਾ ਜਨਮ ਮਿਲੇਗਾ ਇਹ ਕਹਿ ਕੇ ਲੜਕੀ ਚੜ੍ਹਾਈ ਕਰ ਗਈ।"

ਜਦੋਂ ਰਾਜੇ ਨੂੰ ਹੋਸ਼ ਆਈ ਤਾਂ ਉਸ ਨੇ ਪਛਤਾਵਾ ਕੀਤਾ ਤੇ ਆਪਣੇ ਇਸ ਕਰਮ ਬਾਰੇ ਮਹਾਂਪੁਰਸ਼ਾਂ ਪਾਸ ਬੇਨਤੀਆਂ ਕੀਤੀਆਂ ਕਿ ਮੈਨੂੰ ਇਸ ਲੜਕੀ ਦੇ ਸਰਾਪ ਤੋਂ ਬਚਾਵੋ। ਉਨ੍ਹਾਂ ਮਹਾਂਪੁਰਖਾਂ ਨੇ ਕਿਹਾ ਕਿ ਤੈਨੂੰ ਆਪਣੇ ਪਾਪ ਦਾ ਫਲ ਭੋਗਣ ਲਈ ਘੋਗੜ ਬਣਨਾ ਹੀ ਪਵੇਗਾ ਪਰ ਜੋ ਤੂੰ ਸਤਿਸੰਗ ਕੀਤੇ ਹਨ ਉਸ ਦਾ ਫਲ ਵੀ ਤੈਨੂੰ ਮਿਲੇਗਾ।

ਅੱਜ ਇਸ ਦੇ ਦੁਖਾਂ ਦਾ ਅੰਤ ਹੋ ਗਿਆ ਹੈ ਹੁਣ ਇਹ ਘੋਗੜ ਕਾਂ ਇਸ ਭ੍ਰਿਸ਼ਟ ਜੂਨ ਤੋਂ ਛੁਟਕਾਰਾ ਪਾ ਲਵੇਗਾ। ਫਿਰ ਸਤਿਗੁਰੂ ਜੀ ਨੇ ਸਭ ਨੂੰ ਉਪਦੇਸ਼ ਦਿੱਤਾ ਕਿ ਕਦੀ ਵੀ ਕਾਮ ਵੱਸ ਹੋ ਕੇ ਕਿਸੇ ਪਰ-ਨਾਰੀ ਨਾਲ ਧੱਕਾ ਨਹੀਂ ਕਰਨਾ ਚਾਹੀਦਾ। ਸੋ ਜਿਸ ਅਸਥਾਨ ਤੇ ਸਤਿਗੁਰੂ ਜੀ ਨੇ ਪਤਿਤ ਪਾਪੀ ਦਾ ਵੀ ਉਧਾਰ ਕੀਤਾ। ਉੱਥੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਘੋਗੜ ਕਾਂ (ਰੁਪਾਣਾ) ਮੌਜੂਦ ਹੈ।

ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਬੜੇ-ਬੜੇ ਪਤਿਤ ਪਾਪੀਆਂ ਦਾ ਉਧਾਰ ਕਰਨ ਵਾਸਤੇ ਉਨ੍ਹਾਂ ਦੇ ਘਰ-ਘਰ ਜਾ ਕੇ ਬੂਹੇ ਖੜਕਾਏ। ਫਿਰ ਵਿਕਾਰਾਂ ਵਿੱਚ ਡਿੱਗੇ ਹੋਏ ਜਿਨ੍ਹਾਂ ਬੰਦਿਆਂ ਨੂੰ ਪਵਿਤ ਕਰਕੇ ਪ੍ਰਭੂ ਆਪਣੇ ਦਾਸ ਬਣਾ ਲੈਂਦਾ ਹੈ ਤਾਂ ਸਾਰੀ ਲੁਕਾਈ ਉਨ੍ਹਾਂ ਅੱਗੇ ਸਿਰ ਨਿਵਾਂਦੀ ਹੈ, ਕੋਈ ਨਹੀਂ ਪੁੱਛਦਾ ਉਨ੍ਹਾਂ ਦਾ ਵਰਨ ਕਿਹੜਾ ਹੈ? ਉਨ੍ਹਾਂ ਦੀ ਜਾਤ ਕਿਹੜੀ ਹੈ? ਸਭ ਲੋਕ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ।

*ਪ੍ਰਮਾਣ :*

***ਪਤਿਤ ਪਵਿਤ੍ਰ ਲੀਏ ਕਰਿ ਅਪੁਨੇ***
***ਸਗਲ ਕਰਤ ਨਮਸਕਾਰੋ ॥***
***ਬਰਨੁ ਜਾਤਿ ਕੋਊ ਪੂਛੈ ਨਾਹੀ***
***ਬਾਛਹਿ ਚਰਨ ਰਵਾਰੋ ॥੧॥***

*(ਅੰਗ ੪੯੮)*

ਇੱਕ ਪਤਿਤ ਜੀਵ ਦਾ ਉਧਾਰ ਕਰਨਾ ਗੁਰੂ ਵਾਸਤੇ ਕਿਹੜੀ ਵੱਡੀ ਗੱਲ ਹੈ। ਗੁਰੂ ਪਰਮੇਸ਼ਰ ਤਾਂ ਕ੍ਰੋੜਾਂ ਪਤਿਤ ਪਾਪੀਆਂ ਦਾ ਉਧਾਰ ਇੱਕ ਛਿੰਨ ਵਿੱਚ ਕਰ ਦਿੰਦਾ ਹੈ ਤੇ ਦੇਰ ਨਹੀਂ ਲਾਉਂਦਾ।

*ਪ੍ਰਮਾਣ :*

***ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥***

*(ਅੰਗ ੨੦੯)*

ਸੋ ਐਸਾ ਅਨਾਥਾਂ ਦਾ ਨਾਥ ਪ੍ਰਭੂ ਸਦਾ ਹੀ ਸਾਡੇ ਅੰਗ-ਸੰਗ ਹੈ। ਬੰਦੇ ਦਾ ਹੱਥ ਸਰੀਰ ਦੇ ਹਰ ਅੰਗ ਤੱਕ ਪਹੁੰਚ ਜਾਂਦਾ ਹੈ। ਸਾਡੀ ਅੱਖ ਵਿੱਚ ਕੋਈ ਧੂੜ ਪਈ ਹੋਵੇ ਉਹ ਵੀ ਕੱਢ ਦਿੰਦਾ ਹੈ ਪਰ ਪਰਮਾਤਮਾ ਤਾਂ ਸਾਡੇ ਹੱਥ ਤੋਂ ਵੀ ਨੇੜੇ ਹੈ।

*ਪ੍ਰਮਾਣ :*

***ਕਹਿ ਰਵਿਦਾਸ ਹਾਥ ਪੈ ਨੇਰੈ***
***ਸਹਜੇ ਹੋਇ ਸੁ ਹੋਈ ॥੪॥੧॥***

*(ਅੰਗ ੬੫੮)*

ਅਸੀਂ ਜਿੱਥੇ ਵੀ ਚਲੇ ਜਾਈਏ ਉਹ ਉਠਦਿਆਂ-ਸੌਂਦਿਆਂ ਹਰ ਵਕਤ ਸਾਡਾ ਰਾਖਾ ਹੈ।

*ਪ੍ਰਮਾਣ :*

***ਊਠਤ ਸੋਵਤ ਹਰਿ ਸੰਗਿ ਪਹਰੂਆ ॥***

*(ਅੰਗ ੧੯੬)*

ਨੌਵੇਂ ਪਾਤਸ਼ਾਹ ਜੀ ਇਸ ਸਲੋਕ ਵਿੱਚ ਕਹਿੰਦੇ ਹਨ ਕਿ ਉਸਨੂੰ ਐਸਾ ਜਾਣ ਕਿ ਸਦਾ ਹੀ ਤੇਰੇ ਨਾਲ ਵਸ ਰਿਹਾ ਹੈ।

***ਕਹੁ ਨਾਨਕ ਤਿਹ ਜਾਨੀਐ***
***ਸਦਾ ਬਸਤੁ ਤੁਮ ਸਾਥਿ ॥੬॥***

*(ਅੰਗ ੧੪੨੬)*

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

—ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

**498**

ਇੱਕ ਧੀ ਨੂੰ ਗੁਰਬਾਣੀ ਨਾਲ ਜੋੜ ਦਿਓ, ਇੱਕ ਕੁਲ ਗੁਰਬਾਣੀ ਨਾਲ ਜੁੜ ਜਾਂਦੀ ਹੈ ।

**499**

ਆਪਣੇ ਬੱਚਿਆਂ ਨੂੰ ਭਾਵੇਂ ਦੁਨਿਆਵੀਂ ਲਾਲਚ ਦੇ ਦਿਓ ਪਰ ਗੁਰਬਾਣੀ ਨਾਲ ਜ਼ਰੂਰ ਜੋੜੋ ।

**500**

ਸੰਗਤ ਦੀ ਸੇਵਾ ਕਮਾਉਣੀ ਇਹ ਹਜ਼ਾਰਾਂ ਤਪਾਂ ਤੋਂ ਵੀ ਵੱਡਾ ਤਪ ਹੈ ।



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਸਤਿ ਚਿਤ ਅਨੰਦ ਹੈ। ਜਿਵੇਂ-ਜਿਵੇਂ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਜਾਂਦੀ ਹੈ, ਕਲ ਕਲੇਸ਼ ਦੂਰ ਹੁੰਦੇ ਜਾਂਦੇ ਹਨ। ਇਸਦੇ ਉਲਟ ਪਰਮੇਸ਼ਰ ਨੂੰ ਭੁੱਲਣ ਤੇ ਆਧੀਆਂ-ਬਿਆਧੀਆਂ ਆਣ ਬਿਘਨਕਾਰੀ ਹੁੰਦੀਆਂ ਹਨ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

*(ਅੰਗ ੧੩੫)*

ਭੁੱਚੋ ਮੰਡੀ ਦਾ ਰਤਨ ਸਿੰਘ ਕਲਕੱਤੇ ਟਰੱਕ ਡਰਾਈਵਰ ਸੀ। ਸ਼ਰਾਬ ਆਦਿ ਮੱਤ ਮਾਰਨ ਵਾਲੀਆਂ ਅਭੱਖ ਚੀਜ਼ਾਂ ਪੀਂਦਾ-ਖਾਂਦਾ ਜਿਸ ਦਾ ਪ੍ਰਭਾਵ ਸਿਹਤ 'ਤੇ ਪੈਣ ਲੱਗਾ। ਪਹਿਲੇ ਪਹਿਲ ਗੌਰ ਨਾ ਕੀਤਾ, ਪਰ ਜਦ ਤਕਲੀਫ ਕਾਫੀ ਵੱਧ ਗਈ ਤਾਂ ਡਾਕਟਰ ਕੋਲ ਗਿਆ। ਚੈੱਕਅਪ ਤੋਂ ਬਾਅਦ ਪਤਾ ਲੱਗਾ ਕਿ ਉਸਨੂੰ ਟੀ.ਬੀ. ਭਾਵ ਤਪੇਦਿਕ ਦਾ ਰੋਗ ਹੈ ਜੋ ਆਖਰੀ ਸਟੇਜ ਤੇ ਪਹੁੰਚ ਗਿਆ ਹੈ। ਡਾਕਟਰ ਨੇ ਨਾ ਸਿਰਫ ਜਵਾਬ ਦੇ ਦਿੱਤਾ, ਸਗੋਂ ਇਹ ਵੀ ਕਹਿ ਦਿੱਤਾ ਕਿ ਉਹ ਥੋੜ੍ਹੇ ਦਿਨਾਂ ਦਾ ਹੀ ਮਹਿਮਾਨ ਹੈ, ਚੰਗੇਰਾ ਹੋਵੇਗਾ ਜੇ ਘਰ ਚਲਿਆ ਜਾਵੇ ਨਹੀਂ ਤਾਂ ਮੁਰਦਾ ਸਰੀਰ ਘਰ ਭੇਜਣਾ ਪਵੇਗਾ ਜਿਸ ਵਿੱਚ ਉਸਦੇ ਸਾਥੀ ਡਰਾਈਵਰਾਂ ਨੂੰ ਖੇਚਲ ਹੋਵੇਗੀ।

ਇਸ ਕੌੜੇ ਸੱਚ ਦਾ ਸਾਹਮਣਾ ਕਰਕੇ ਰਤਨ ਸਿੰਘ ਉਦਾਸ ਹੋ ਗਿਆ। ਭਰੇ ਮਨ ਨਾਲ ਕਲਕੱਤੇ ਨੂੰ ਅਲਵਿਦਾ ਆਖ ਪੰਜਾਬ ਆਉਣ ਲਈ ਰੇਲਗੱਡੀ ਵਿੱਚ ਬੈਠ ਗਿਆ। ਕਦੇ ਲੰਘ ਚੁੱਕੇ ਸਮੇਂ ਨੂੰ ਯਾਦ ਕਰਦਾ ਕਦੇ ਆ ਰਹੀ ਮੌਤ ਬਾਰੇ ਸੋਚ ਕੇ ਠੰਢਾ ਹਉਕਾ ਭਰਦਾ।

ਅੰਬਾਲੇ ਪਹੁੰਚਣ ਤੇ ਅਚਾਨਕ ਉਸਦੇ ਪੂਰਬਲੇ ਭਾਗ ਜਾਗ ਪਏ। ਉਸਨੂੰ ਲੁਧਿਆਣੇ ਜ਼ਿਲ੍ਹੇ ਦੇ ਕੁਝ ਡਰਾਈਵਰ ਸਾਥੀਆਂ ਦੀਆਂ ਗੱਲਾਂ ਯਾਦ ਆ ਗਈਆਂ। ਉਨ੍ਹਾਂ ਦੇ ਮੁੱਖੋਂ ਸੁਣੀ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਉਪਮਾ ਯਾਦ ਆ ਗਈ।

"ਮਨਾ!" ਉਸਨੇ ਖੁਦ ਨੂੰ ਕਿਹਾ, "ਮਰ ਤਾਂ ਜਾਣਾ ਹੀ ਹੈ, ਘਰ ਕੀ ਜਾਣਾ ਹੈ, ਮਹਾਂਪੁਰਖਾਂ ਕੋਲ ਹੀ ਚਲਦੇ ਹਾਂ।"

ਦੋਰਾਹੇ ਪਹੁੰਚ ਕੇ ਕਿਸੇ ਸਾਧਨ ਰਾਹੀਂ ਕਰਮਸਰ ਰਾੜਾ ਸਾਹਿਬ ਆਣ ਪੁੱਜਾ। ਮਹਾਂਪੁਰਖ ਉਸ ਵੇਲੇ ਸੰਗਤ ਨੂੰ ਮਿਲ ਰਹੇ ਸਨ।

"ਪ੍ਰੇਮੀਆ ਤੂੰ ਕਿਵੇਂ ਆਇਆ ਹੈਂ?" ਉਸਨੂੰ ਦੇਖਦੇ ਹੀ ਮਹਾਂਪੁਰਖਾਂ ਨੇ ਪੁੱਛਿਆ। ਉਸਨੇ ਸਾਰੀ ਵਿਥਿਆ ਦੱਸੀ ਅਤੇ ਕਿਹਾ, "ਬਾਬਾ ਜੀ! ਮੈਂ ਸੋਚਿਆ ਮਰਨਾ ਤਾਂ ਹੈ ਹੀ। ਇੱਥੇ ਮਰਾਂ ਤਾਂ ਕੋਈ ਗੁਨਾਹ ਬਖਸ਼ੇ ਜਾਣ।"

"ਰਤਨ ਸਿੰਘਾ! ਗੁਰੂ ਘਰ 'ਚ ਮਰਨ ਨਹੀ ਜ਼ਿੰਦਗੀ ਲੈਣ ਆਈਦਾ ਹੈ।" ਬਾਬਾ ਜੀ ਨੇ ਬਚਨ ਕੀਤਾ, "ਕੁਝ ਦਵਾਈ ਵੀ ਕਰਦਾ ਹੈਂ?"

"ਬਾਬਾ ਜੀ! ਡਾਕਟਰਾਂ ਦੀ ਦਿੱਤੀ ਦਵਾਈ ਹੈ ਪਰ ਉਨ੍ਹਾਂ ਨੇ ਤਾਂ ਜਵਾਬ ਦਿੱਤਾ ਹੋਇਆ ਹੈ। ਆਪ ਜੀ ਕ੍ਰਿਪਾ ਕਰੋ, ਕੋਈ ਦਵਾਈ ਦੇ ਦੋ।" ਰਤਨ ਸਿੰਘ ਨੇ ਬੇਨਤੀ ਕੀਤੀ।

"ਇੱਥੇ ਤਾਂ ਭਾਈ ਇੱਕ ਨਾਮ ਦੀ ਹੀ ਦਵਾਈ ਹੈ ਜਿਸ ਨਾਲ ਸਾਰੇ ਹੀ ਰੋਗ ਦੂਰ ਹੋ ਜਾਂਦੇ ਹਨ।" ਬਚਨ ਕਰਦਿਆਂ ਬਾਬਾ ਜੀ ਨੇ ਰਤਨ ਸਿੰਘ ਨੂੰ ਮੂਲ ਮੰਤਰ ਦੇ ਪਾਠ ਕਰਨ ਲਈ ਕਿਹਾ ਅਤੇ ਸਾਰੀ ਮਰਿਆਦਾ ਸਮਝਾ ਦਿੱਤੀ ਅਤੇ ਬਾਕੀ ਸਮਾਂ ਮੂੰਹ ਤੇ ਚੰਗੀ ਤਰ੍ਹਾਂ ਕੱਪੜਾ ਬੰਨ ਕੇ ਭਾਂਡੇ ਮਾਂਜਣ ਦੀ ਸੇਵਾ ਕਰਨ ਲਈ ਕਿਹਾ।

ਕੁਝ ਦਿਨਾਂ ਬਾਅਦ ਕੁਝ ਪ੍ਰੇਮੀ ਬਾਬਾ ਕਿਸ਼ਨ ਸਿੰਘ ਜੀ ਕੋਲ ਬੈਠੇ ਸਨ। ਕਮਰਿਆਂ ਦੀ ਸੇਵਾ ਚਲਦੀ ਸੀ। ਇੱਕ ਸੇਵਾਦਾਰ ਕੋਲ ਦੀ ਲੰਘ ਰਿਹਾ ਸੀ ਜਿਸਦੇ ਦੋਨਾਂ ਮੋਢਿਆਂ ਤੇ ਇੱਕ-ਇੱਕ ਸ਼ਤੀਰ ਚੁੱਕਿਆ ਹੋਇਆ ਸੀ।

ਇੱਕ ਪ੍ਰੇਮੀ ਨੇ ਬਾਬਾ ਕਿਸ਼ਨ ਸਿੰਘ ਜੀ ਨੂੰ ਬਚਨ ਕੀਤਾ, "ਬਾਬਾ ਜੀ! ਇਹ ਸਿੰਘ ਕਿੱਡਾ ਜਵਾਨ ਹੈ ਕੱਠੇ ਹੀ ਦੋ ਸ਼ਤੀਰ ਲਈ ਜਾਂਦਾ ਹੈ। ਜੀਅ ਕਰਦਾ ਹੈ ਇਸਦੇ ਵਾਸਤੇ ਘਿਓ ਦੇ ਪੀਪੇ ਭੇਟ ਕਰਾਂ।"

"ਰਤਨ ਸਿੰਘਾ!" ਬਾਬਾ ਕਿਸ਼ਨ ਸਿੰਘ ਜੀ ਨੇ ਉਸਨੂੰ ਅਵਾਜ਼ ਦਿੱਤੀ, "ਇਹ ਤੇਰੇ ਵਾਸਤੇ ਘਿਓ ਦੇ ਪੀਪੇ ਲਿਆਉਣ ਦਾ ਕਹਿੰਦੇ ਨੇ।" ਰਤਨ ਸਿੰਘ ਨੇ ਰੁਕ ਕੇ ਖੜ੍ਹੇ-ਖੜ੍ਹੇ ਸਿਰ ਨਿਵਾਇਆ ਅਤੇ ਸ਼ਤੀਰ ਲੈ ਕੇ ਅੱਗੇ ਤੁਰ ਪਿਆ।

"ਇਹ ਟੀ.ਬੀ. ਦਾ ਖਾਧਾ ਹੋਇਆ ਸੀ। ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ। ਗੁਰੂ ਸਾਹਿਬ ਨੇ ਕਿਰਪਾ ਕੀਤੀ ਹੈ ਆਹ ਦੇਖੋ ਹੁਣ ਦੋ ਸ਼ਤੀਰ ਲੈ ਕੇ ਜਾ ਰਿਹਾ ਹੈ।" ਬਾਬਾ ਕਿਸ਼ਨ ਸਿੰਘ ਜੀ ਨੇ ਦੱਸਿਆ ਤਾਂ ਉਹ ਪ੍ਰੇਮੀ ਹੈਰਾਨ ਰਹਿ ਗਿਆ। ਅਗਲੇ ਦਿਨ ਉਹ ਆਪਣੀ ਭਾਵਨਾ ਅਨੁਸਾਰ ਘਿਓ ਭੇਂਟ ਕਰ ਗਿਆ।

ਰਤਨ ਸਿੰਘ ਕੱਤਕ ਵਿੱਚ ਆਇਆ ਸੀ। ਫੱਗਣ ਵਿੱਚ ਉਸਨੇ ਸਟੇਜ ਤੇ ਸਮਾਂ ਲਿਆ ਅਤੇ ਬੜੇ ਪਿਆਰ ਵਿੱਚ ਆਪਣੀ ਹੱਡ-ਬੀਤੀ ਸੁਣਾਉਂਦਿਆਂ ਆਪਣੀ ਭਾਵਨਾ ਪ੍ਰਗਟ ਕੀਤੀ ਕਿ ਉਹ ਰਹਿੰਦੀ ਉਮਰ ਸੇਵਾ ਵਿੱਚ ਹੀ ਲੰਘਾਵੇਗਾ।

ਉਸ ਵੇਲੇ ਕੋਈ ਪੱਤਰਕਾਰ ਵੀ ਸੰਗਤ ਵਿੱਚ ਬੈਠਾ ਸੀ। ਉਸਨੇ ਇਸ ਬਾਰੇ ਅਖਬਾਰ ਵਿੱਚ ਲਿਖ ਦਿੱਤਾ। ਕੁਝ ਦਿਨਾਂ ਬਾਅਦ ਰਜਿੰਦਰ ਕੁਮਾਰ ਨਾਮ ਦਾ ਇੱਕ ਪ੍ਰੇਮੀ ਮਹਾਂਪੁਰਖਾਂ ਪਾਸ ਆਇਆ। ਗਠੀਏ ਦਾ ਗ੍ਰਸਿਆ ਹੋਇਆ ਸੀ। ਐਨੀ ਤਕਲੀਫ ਸੀ ਕਿ ਖੜ੍ਹਾ ਵੀ ਨਹੀਂ ਸੀ ਹੋ ਪਾਉਂਦਾ। ਗੋਡਿਆਂ ਅਤੇ ਕੂਹਣੀਆਂ ਭਾਰ ਰਿੜਦਾ ਸੀ।

ਆਪਣੀ ਹੱਡ ਬੀਤੀ ਸੁਣਾਉਂਦਿਆਂ ਉਸਨੇ ਦੱਸਿਆ ਕਿ ਉਹ ਅਸਾਮ ਵਿੱਚ ਆਮਦਨ ਕਰ ਅਫ਼ਸਰ ਸੀ। ਲੋਕਾਂ ਨੂੰ ਨਜਾਇਜ਼ ਤੰਗ ਪਰੇਸ਼ਾਨ ਵੀ ਕਰਦਾ ਅਤੇ ਵੱਢੀਖੋਰੀ (ਰਿਸ਼ਵਤ ਖੋਰੀ) ਵੀ ਕਰਦਾ। ਸ਼ਾਇਦ ਕਿਸੇ ਦੀ ਹਾਅ ਲੱਗ ਗਈ, ਜੋ ਗਠੀਏ ਦਾ ਰੋਗ ਹੋ ਗਿਆ। ਇਲਾਜ ਕਰਵਾਏ ਪਰ ਰੋਗ ਵਧਦਾ ਗਿਆ।

ਹੁਣ ਉਹ ਜਬਲਪੁਰ ਹਸਪਤਾਲ ਵਿੱਚ ਦਾਖਲ ਸੀ, ਜਿੱਥੇ ਅਖਬਾਰ ਵਿੱਚ ਰਤਨ ਸਿੰਘ ਬਾਰੇ ਪੜ੍ਹਿਆ। ਹਸਪਤਾਲ ਵਿੱਚੋਂ ਚੋਰੀ ਨਿਕਲ ਕੇ ਕਰਮਸਰ ਆ ਗਿਆ।

ਬਾਬਾ ਜੀ ਨੇ ਉਸਨੂੰ ਵੀ ਸੇਵਾ ਅਤੇ ਸਿਮਰਨ ਦੀ ਜੁਗਤੀ ਸਮਝਾ ਕੇ ਉਸਨੂੰ ਬਾਬਾ ਕਿਸ਼ਨ ਸਿੰਘ ਜੀ ਪਾਸ ਭੇਜ ਦਿੱਤਾ। ਬਾਬਾ ਕਿਸ਼ਨ ਸਿੰਘ ਜੀ ਉਸ ਵੇਲੇ ਰੇਹ ਟਰਾਲੀਆਂ ਵਿੱਚ ਲਦਾ ਰਹੇ ਸਨ। ਉਸਨੂੰ ਦੇਖ ਬਾਬਾ ਕਿਸ਼ਨ ਸਿੰਘ ਜੀ ਕਹਿਣ ਲੱਗੇ, "ਇਹ ਬਾਬੂ ਟੋਕਰਾ ਚੁਕਾਊਗਾ। ਆ ਵਈ ਆ... ਉੱਠ.... ਉੱਠ।" ਬਾਬਾ ਜੀ ਦੇ ਬਚਨ ਕਰਨ ਤੇ ਉਸਨੇ ਉੱਠਣ ਦੀ ਕੋਸ਼ਿਸ਼ ਕੀਤੀ ਅਤੇ ਹੈਰਾਨ ਰਹਿ ਗਿਆ ਜਦ ਉਹ ਉੱਠ ਕੇ ਖੜ੍ਹਾ ਹੋ ਗਿਆ।

"ਸੰਤਾਂ ਨੇ ਦਵਾਈ ਦੱਸੀ ਹੈ ਨਾ।" ਬਾਬਾ ਕਿਸ਼ਨ ਸਿੰਘ ਜੀ ਨੇ ਕਿਹਾ। "ਹਾਂ ਜੀ ਬਾਬਾ ਜੀ!"

*—ਬਾਕੀ ਹਿੱਸਾ ਪੰਨਾ 34 'ਤੇ ਪੜ੍ਹੋ ਜੀ*

# ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਮਨੀ ਸਿੰਘ ਜੀ

## ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਕਿਤਨੇ ਗੁਰੂ ਸਾਹਿਬਾਂ ਦੇ ਦਰਸ਼ਨ ਨਸੀਬ ਹੋਏ?

*—ਜਸਵਿੰਦਰ ਸਿੰਘ (ਪਟਿਆਲਾ)*

ਇੱਕ-ਦੋ ਮਿੰਟ ਉਹ ਗਹਿਰ-ਗੰਭੀਰ, ਗੁਣੀ ਗਹੀਰ ਦੇ ਬਾਣੀ ਦੁਆਰਾ ਦਰਸ਼ਨ ਕਰਨਾ ਜੀ। ਸਾਰੀ ਸੰਗਤ ਸਿਮਰਨ ਕਰੇ। ਵਿੱਚ ਪੰਕਤੀਆਂ ਗਹਿਰ ਗੰਭੀਰ ਦੀ ਉਸਤਤ ਵਿੱਚ, ਛੇਵੇਂ ਪਾਤਸ਼ਾਹ ਜੀ ਦੀ ਉਸਤਤ ਵਿੱਚ:

*ਵਾਹਿਗੁਰੂ ।। ਵਾਹਿਗੁਰੂ ।। ਵਾਹਿਗੁਰੂ ।। ਵਾਹਿਗੁਰੂ ।।*
*ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ।*

ਉਹ ਧਰਤੀ ਜਿੱਥੇ ਇੱਕ ਪੁੱਤਰ ਕਰਮਾਂ ਵਿੱਚ ਨਹੀਂ, ਪਰ ਆਪ ਗਹਿਰ ਗੰਭੀਰ ਜੀ ਪ੍ਰਸੰਨਤਾ ਦੇ ਘਰ ਵਿੱਚ ਆ ਗਏ ਤੇ ਮਾਤਾ ਸੁਲੱਖਣੀ ਜੀ ਦੇ ਘਰ ਸੱਤ ਪੁੱਤਰ ਵਿਹੜੇ ਵਿੱਚ ਖੇਡ ਰਹੇ ਹਨ। ਚੱਬੇ ਦੀ ਧਰਤੀ:

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ।।*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ।।੧।।*
*(ਅੰਗ ੨੮੬)*

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ।।*
*ਗਰੀਬ ਨਿਵਾਜੁ ਗੁਸਈਆ ਮੇਰਾ*
*ਮਾਥੈ ਛਤ੍ਰੁ ਧਰੈ ।।੧।। ਰਹਾਉ ।।*
*(ਅੰਗ ੧੧੦੬)*

*ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ*

*ਆਸਾ ਮਹਲਾ ੧ ।।*
*ਸੁਣਿ ਵਡਾ ਆਖੈ ਸਭੁ ਕੋਇ ।।*
*ਕੇਵਡੁ ਵਡਾ ਡੀਠਾ ਹੋਇ ।।*
*ਕੀਮਤਿ ਪਾਇ ਨ ਕਹਿਆ ਜਾਇ ।।*
*ਕਹਣੈ ਵਾਲੇ ਤੇਰੇ ਰਹੇ ਸਮਾਇ ।।੧।।*
*ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ।।*
*ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ।।੧।। ਰਹਾਉ ।।*
*ਸਭਿ ਸੁਰਤੀ ਮਿਲਿ ਸੁਰਤਿ ਕਮਾਈ ।।*
*ਸਭ ਕੀਮਤਿ ਮਿਲਿ ਕੀਮਤਿ ਪਾਈ ।।*
*ਗਿਆਨੀ ਧਿਆਨੀ ਗੁਰ ਗੁਰਹਾਈ ।।*
*ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ।।੨।।*
*ਸਭਿ ਸਤ ਸਭਿ ਤਪ ਸਭਿ ਚੰਗਿਆਈਆ ।।*
*ਸਿਧਾ ਪੁਰਖਾ ਕੀਆ ਵਡਿਆਈਆ ।।*
*ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ।।*
*ਕਰਮਿ ਮਿਲੈ ਨਾਹੀ ਠਾਕਿ ਰਹਾਈਆ ।।੩।।*
*ਆਖਣ ਵਾਲਾ ਕਿਆ ਵੇਚਾਰਾ ।।*
*ਸਿਫਤੀ ਭਰੇ ਤੇਰੇ ਭੰਡਾਰਾ ।।*
*ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ।।*
*ਨਾਨਕ ਸਚੁ ਸਵਾਰਣਹਾਰਾ ।।੪।।੨।।*
*(ਅੰਗ ੯)*

*ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾ ਦਾਨ ਹੋ ॥*
*ਪ੍ਰਾਨ ਕੇ ਬਚਯਾ ਦੂਧ ਪੂਤ ਕੇ ਦਿਵਯਾ*
*ਰੋਗ ਸੋਗ ਕੇ ਮਿਟਯਾ ਕਿਧੌ ਮਾਨੀ ਮਹਾ ਮਾਨ ਹੋ ॥*
*ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ*
*ਕਿ ਸਿੱਧਤਾ ਕੀ ਸੂਰਤਿ ਹੋ ਕਿ ਸੁੱਧਤਾ ਕੀ ਸਾਨ ਹੋ ॥*
*ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ*
*ਕਿ ਸਤ੍ਰੂਨ ਕੇ ਸੂਲ ਹੋ ਕਿ ਮਿਤ੍ਰੂਨ ਕੇ ਪ੍ਰਾਨ ਹੋ ॥੯॥੧੯॥*
*(ਅਕਾਲ ਉਸਤਤ, ਅੰਗ ੩੯)*

*ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ ॥*
*ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ ॥੧॥*
*ਪਿਤਾ ਮੇਰੋ ਬਡੋ ਧਨੀ ਅਗਮਾ ॥*
*(ਅੰਗ ੫੦੭)*

*ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ*
*ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ ॥*
*ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ*
*ਬੀਰ ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ॥*
*ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ*
*ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ ॥*
*ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ*
*ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ ॥*
*(ਸ੍ਰੀ ਦਸਮ ਗ੍ਰੰਥ)*

*ਧੰਨ ਧੰਨ ਬਾਬਾ ਬਿਧੀ ਚੰਦ ਜੀ ।*
*ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ।*
*ਧੰਨ ਧੰਨ ਬੀਬੀ ਕੌਲਾਂ ਜੀ ।*
*ਧੰਨ ਧੰਨ ਭਾਈ ਜੋਧਕਾ ਸਚਿਆਰ ਜੀ ।*
*ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥*
*ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥*
*(ਅੰਗ ੯)*

*ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ।*

ਭਾਈ ਮਨੀ ਸਿੰਘ ਜੀ ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਹੋਏ ਹਨ। ਉਨ੍ਹਾਂ ਦਾ ਜਨਮ ਦਿਹਾੜਾ ਆ ਰਿਹਾ ਹੈ। ਇਸ ਅੰਕ ਵਿੱਚ ਉਨ੍ਹਾਂ ਦੇ ਜੀਵਨ ਤੇ ਵਿਚਾਰ ਕਰਨੀ ਹੈ। ਇੱਕ ਵਾਰੀ ਪੜ੍ਹੋ ਸਾਰੇ ਪਿਆਰ ਨਾਲ :

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।*
*ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ।*
*ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ।*
*ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ।*
*ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ।*
*ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥*
*(ਵਾਰ ੧੯, ਪਉੜੀ ੧੨)*

ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰ ਨਗਰ, ਮੁਲਤਾਨ ਦੇ ਨੇੜੇ ਪਾਕਿਸਤਾਨ ਵਿੱਚ ਹੋਇਆ। ਭਾਈ ਮਨੀ ਸਿੰਘ ਜੀ ਦਾ ਜੋ ਮਨੀ ਸਿੰਘ ਨਾਮ ਹੈ, ਇਹ ਅੰਮ੍ਰਿਤ ਛਕਣ ਤੋਂ ਬਾਅਦ ਪਿਆ। ਪਹਿਲਾ ਨਾਮ ਹੈ, ਭਾਈ ਮਨੀ ਸਿੰਘ ਜੀ ਦਾ ਮਨੀ ਰਾਮ। ਪਿਤਾ ਜੀ ਦਾ ਨਾਂ, ਭਾਈ ਮਾਈ ਦਾਸ ਜੀ। ਮਾਤਾ ਜੀ ਦਾ ਨਾਂ ਮਥੁਰਾ ਬਾਈ ਜੀ। ਜੋ ਇਤਿਹਾਸਕਾਰਾਂ ਨੇ ਲਿਖਿਆ ਹੈ, ਇਸ ਕਰਕੇ ਦਾਸ ਨੂੰ ਬੋਲਣਾ ਪੈ ਰਿਹਾ ਹੈ, ਨਾਂ ਮਨੀ ਰਾਮ ਸੀ ਪਰ ਲਾਡ ਨਾਲ ਸਾਰੇ 'ਮਨੀਆ' ਕਹਿ ਕੇ ਬੁਲਾਉਂਦੇ ਸੀ। ਓ ਮਨੀਆ, ਇਧਰ ਆ। ਓ ਮਨੀਆ, ਗੱਲ ਸੁਣ। ਸਿੱਖ ਇਤਿਹਾਸ ਸੁਣੀਏ ਜਾਂ ਪੜ੍ਹੀਏ ਤੇ ਪਤਾ ਲੱਗਦਾ ਹੈ। ਆਮ ਸਾਡੇ ਦਿਮਾਗ ਵਿੱਚ ਆਉਂਦਾ ਹੈ, ਭਾਈ ਮਨੀ ਸਿੰਘ ਜੀ ਦਸਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਆਏ, ਇਹ ਮਾਣ ਵਾਲੀ ਗੱਲ ਹੈ। ਪਿੰਡ ਚੱਬੇ ਦੀ ਧਰਤੀ 'ਤੇ ਭਾਈ ਮਨੀ ਸਿੰਘ ਜੀ ਦਾ ਪਰਿਵਾਰ ਛੇਵੇਂ ਪਾਤਸ਼ਾਹ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਨਾਲ ਜੁੜਿਆ ਹੋਇਆ ਸੀ। ਛੇਵੇਂ ਪਾਤਸ਼ਾਹ ਜੀ ਤੋਂ ਬਾਅਦ ਸਾਰੇ ਸਤਿਕਾਰ ਨਾਲ ਆਖੋ:

*ਸਿਮਰੋ ਸ੍ਰੀ ਹਰਿ ਰਾਇ*

ਇਹ ਆਪਾਂ ਨੂੰ ਬਹੁਤ ਘੱਟ ਪਤਾ ਸੀ। 13

ਸਾਲ ਦੀ ਉਮਰ ਹੈ ਜਦੋਂ ਭਾਈ ਮਨੀ ਸਿੰਘ ਜੀ, ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਵਿੱਚ ਸੇਵਾ ਵਿੱਚ ਆ ਗਏ। ਸੰਗਤ ਜੀ, ਭਾਈ ਮਨੀ ਸਿੰਘ ਜੀ ਸ਼ਹੀਦ, ਕਿੰਨੀ ਵੱਡੀ ਉੱਚੀ, ਭਾਗਾਂ ਵਾਲੀ ਸ਼ਖਸੀਅਤ ਹੋਣਗੇ ਜਿਨ੍ਹਾਂ ਨੇ ਧੰਨ ਗੁਰੂ ਹਰਿਰਾਇ ਸਾਹਿਬ ਜੀ ਦੇ ਵੀ ਦਰਸ਼ਨ, ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਵੀ ਦਰਸ਼ਨ, ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਵੀ ਦਰਸ਼ਨ, ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਤੇ ਚਾਰੇ ਗੁਰੂ ਸਾਹਿਬਾਨਾਂ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਵੀ ਕਮਾਈਆਂ ਹਨ। ਸਾਰੇ ਕਿਰਪਾ ਕਰੋ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਬੋਲਣ ਵਿੱਚ ਭਾਈ ਮਨੀ ਸਿੰਘ ਜੀ ਆਏਗਾ ਪਰ ਉਦੋਂ ਨਾਂ, ਮਨੀਆ ਹੈ। ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਆਪਣੇ ਬਾਕੀ ਪੁੱਤਰਾਂ ਅਤੇ ਭਾਈ ਮਨੀ ਸਿੰਘ ਜੀ ਨੂੰ ਵੀ 13 ਸਾਲ ਦੀ ਉਮਰ ਵਿੱਚ ਕਿੱਥੇ ਲਿਆਏ ਹਨ, ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਵਿੱਚ। ਕਮਰੇ ਵਿੱਚ ਸੰਗਤ ਹੋਰ ਵੀ ਬੈਠੀ ਹੈ। ਪੁੱਤਰ ਹੋਰ ਵੀ ਬੈਠੇ ਹਨ ਪਰ ਧੰਨ ਗੁਰੂ ਹਰਿਰਾਇ ਸਾਹਿਬ ਜੀ ਦੀ ਉਂਗਲ ਭਾਈ ਮਨੀ ਸਿੰਘ ਜੀ ਵੱਲ ਗਈ ਤੇ ਉਨ੍ਹਾਂ ਦੇ ਪਿਤਾ ਜੀ ਕੋਲੋਂ ਪੁੱਛਦੇ ਹਨ, ਇਸ ਬੱਚੇ ਦਾ ਕੀ ਨਾਂ ਹੈ? ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਕਹਿੰਦੇ ਹਨ, ਅਸੀਂ ਪਿਆਰ ਨਾਲ ਮਨੀਆ ਕਹਿੰਦੇ ਹਾਂ। ਨਾਂ ਮਨੀ ਰਾਮ ਹੈ ਪਰ ਪਿਆਰ ਨਾਲ ਮਨੀਆ ਕਹਿੰਦੇ ਹਾਂ। ਇਹ ਜ਼ਿਕਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪਣੀਆਂ ਕਿਤਾਬਾਂ ਵਿੱਚ ਲਿਖਿਆ ਹੈ, ਹੋਰ ਰਾਈਟਰਾਂ ਨੇ ਵੀ ਆਪਣੀਆਂ ਕਿਤਾਬਾਂ ਵਿੱਚ ਲਿਖਿਆ ਹੈ। ਜਦੋਂ ਨਾਮ ਦਾ ਪਤਾ ਲੱਗਾ ਤੇ ਧੰਨ ਗੁਰੂ ਹਰਿਰਾਇ ਸਾਹਿਬ ਜੀ ਦੇ ਮੁੱਖ ਵਿੱਚੋਂ ਬਚਨ ਨਿਕਲਿਆ, ਜ਼ਰਾ ਧਿਆਨ ਦੇਣਾ। ਕਈ ਬਚਨ ਹੁੰਦੇ ਹਨ, ਗੁਰੂ ਸਾਹਿਬ ਜੀ ਦੇ ਪਾਵਨ ਮੁਖਾਰਬਿੰਦ ਵਿੱਚੋਂ ਨਿਕਲੇ ਹਨ। ਭਾਈ ਮਨੀ ਸਿੰਘ ਜੀ ਬਾਰੇ ਕੀ ਬਚਨ ਨਿਕਲਿਆ :

***ਮਨੀਆ ਗੁਨੀਆ ਬੀਚ ਹੋਵੇ ਜਗ ਮਾਹੀ।***

ਇਹ ਬਚਨ, ਧੰਨ ਗੁਰੂ ਹਰਿਰਾਇ ਸਾਹਿਬ ਜੀ ਨੇ ਕੀਤਾ। ਮਨੀਆ, ਭਾਈ ਮਨੀ ਸਿੰਘ ਜੀ ਦਾ ਨਾਂ ਤੇ ਗੁਨੀਆ, ਗੁਣਾਂ ਵਾਲਾ। ਸੱਤਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ, ਇਹ ਜਿਹੜਾ ਮਨੀਆ ਹੈ, ਇਹ ਜਗ ਵਿੱਚ ਬਹੁਤ ਵੱਡੇ ਗੁਣਾਂ ਵਾਲਾ ਹੋਵੇਗਾ।

ਦਾਸ ਬੇਨਤੀ ਕਰਦਾ ਹੈ, ਸਭ ਲੇਖੇ, ਸਭ ਕਰਮ ਪਾੜੇ ਜਾਂਦੇ ਹਨ, ਖਤਮ ਹੋ ਜਾਂਦੇ ਹਨ, ਗੁਰੂ ਸਾਹਿਬ ਇੱਕ ਉਂਗਲ ਹੀ ਕਰ ਦੇਣ, ਹੱਥ ਹੀ ਕਰ ਦੇਣ। ਨਾਲ ਹੀ ਸੱਤਵੇਂ ਪਾਤਸ਼ਾਹ ਹੱਥ ਕਰਕੇ ਕਹਿੰਦੇ, ਇਹ ਬੱਚਾ ਇੰਨਾ ਗੁਣਵਾਨ ਹੋਵੇਗਾ ਕਿ ਇਹ ਮਣੀ ਦੀ ਤਰ੍ਹਾਂ ਚਮਕੇਗਾ, ਲੋਕੀਂ ਇਸ ਦੇ ਗੁਣਾਂ ਤੇ ਜੀਵਨ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕਰਨਗੇ। ਜਿਵੇਂ ਤੁਸੀਂ ਯਾਦ ਕਰ ਰਹੇ ਹੋ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਆਪ ਜੀ ਬੜੇ ਵੱਡੇ ਸ਼ਹੀਦ ਦਾ ਇਤਿਹਾਸ ਪੜ੍ਹ ਰਹੇ ਹੋ। ਇੱਕ-ਇੱਕ ਅੱਖਰ ਸੋਧ ਕੇ ਯਤਨ ਹੈ ਕਿ ਵਿਚਾਰ ਕਰੀਏ। ਆਓ ਦਰਸ਼ਨ ਕਰਨਾ ਜੀ। 13 ਸਾਲ ਦੀ ਉਮਰ ਤੇ ਭਾਈ ਮਨੀ ਸਿੰਘ ਜੀ ਨੂੰ ਧੰਨ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਵਿੱਚੋਂ ਦੋ ਸੇਵਾਵਾਂ ਮਿਲੀਆਂ। ਇਹ ਗੁਣ ਲੈਣਾ। ਇੱਕ ਸੇਵਾ ਮਿਲੀ, ਤੂੰ ਸਾਨੂੰ ਬਾਣੀ ਪੜ੍ਹ ਕੇ ਸੁਣਾਇਆ ਕਰਨੀ ਹੈ ਤੇ ਸੰਗਤ ਨੂੰ ਵੀ ਬਾਣੀ ਪੜ੍ਹ ਕੇ ਸੁਣਾਇਆ ਕਰਨੀ ਹੈ। ਵੇਖੋ ਕੈਸਾ ਗੁਰੂ ਸਾਹਿਬ ਦਾ ਮਿਸ਼ਨ ਹੈ। ਕਹਿੰਦੇ, ਤੇਰੀ ਇੱਕ ਸੇਵਾ ਇਹ ਹੈ ਕਿ

ਬਾਣੀ ਪੜ੍ਹ ਕੇ ਸਾਨੂੰ ਵੀ ਸੁਣਾਉਣੀ ਹੈ, ਸੰਗਤ ਨੂੰ ਵੀ ਤੇ ਗੁਰੂ ਹਰਿਰਾਇ ਸਾਹਿਬ ਨੇ ਕਿਹਾ ਕਿ ਦੂਜੀ ਸੇਵਾ ਹੈ, ਸੰਗਤ ਦੇ ਜੂਠੇ ਕੌਲੇ ਮਾਂਜਣੇ ਹਨ। ਇਸ ਦਾ ਕੋਈ ਤਾਅਲੁੱਕ ਹੈ। ਨਿਰਾ ਵਾਜੇ ਤੇ ਬੈਠ ਕੇ ਨਿਰਾ ਉਹ ਡਿਊਟੀ ਕਰਕੇ ਕਿਤੇ ਹਉਮੈ ਨਾ ਆ ਜਾਵੇ। ਨਾਲ ਡਿਊਟੀ ਇਹ ਵੀ ਲਗਾ ਦਿੱਤੀ ਕਿ ਸੰਗਤ ਦੇ ਜੂਠੇ ਬਰਤਨ ਵੀ ਮਾਂਜਣੇ ਹਨ।

ਇਹ ਇਤਿਹਾਸ ਹੈ। ਭਾਈ ਪਿੰਦਰਪਾਲ ਸਿੰਘ ਜੀ ਤੇ ਹੋਰ ਇਤਿਹਾਸਕਾਰਾਂ ਦੇ ਕਿਤਾਬਾਂ ਵਿੱਚੋਂ ਬਚਨ ਪੜ੍ਹਿਓ। ਕਹਿੰਦੇ, ਇੱਕ ਦਿਨ ਭਾਈ ਮਨੀ ਸਿੰਘ ਜੀ ਕੌਲੇ ਮਾਂਜ ਰਹੇ ਸਨ। ਸੱਤਵੇਂ ਪਾਤਸ਼ਾਹ ਜੀ ਕੋਲੋਂ ਲੰਘੇ ਤੇ ਕੋਲੋਂ ਲੰਘਦੇ ਹੋਏ ਚਿੱਤ ਵਿੱਚ ਆ ਗਿਆ, ਬੱਚੇ ਨੂੰ ਕੁਝ ਦੇਈਏ। 13 ਸਾਲ ਉਮਰ ਕੀ ਹੁੰਦੀ ਹੈ? ਧੰਨ ਗੁਰੂ ਹਰਿਰਾਇ ਸਾਹਿਬ ਜੀ ਖਲੋ ਗਏ ਤੇ ਕੀ ਆਖਿਆ, ਕਹਿੰਦੇ, ਮਨੀਆ, ਜੇ ਗੁਰੂ ਸਾਹਿਬ ਦੀਆਂ ਸੰਗਤਾਂ ਦੇ ਜੂਠੇ ਭਾਂਡੇ ਚੰਗੀ ਨੀਅਤ ਨਾਲ ਮਾਂਜੀਏ ਤੇ ਗੁਰੂ ਸਾਹਿਬ ਨਦਰਿ ਕਰਕੇ ਸਾਡੇ ਅੰਦਰੋਂ ਮਨ ਨੂੰ ਮਾਂਜ ਦਿੰਦੇ ਹਨ। ਅਗਲੇ ਲਫਜ਼ ਪੜ੍ਹ ਕੇ ਦਾਸ ਹੈਰਾਨ ਹੋ ਗਿਆ। ਰਾਈਟਰਾਂ ਨੇ ਅਗਲੀ ਗੱਲ ਲਿਖੀ ਹੈ। ਇਹ ਲਿਖ ਕੇ ਗੁਰੂ ਦੀਆਂ ਸੰਗਤਾਂ ਦੇ ਜੂਠੇ ਬਰਤਨ ਚੰਗੀ ਨੀਅਤ ਨਾਲ ਮਾਂਜੀਏ ਤੇ ਗੁਰੂ ਨਦਰਿ ਕਰਕੇ ਸਾਡੇ ਮਨ ਨੂੰ ਮਾਂਜ ਦਿੰਦਾ ਹੈ ਤੇ ਨਾਲ ਹੀ ਧੰਨ ਗੁਰੂ ਹਰਿਰਾਇ ਸਾਹਿਬ ਕੀ ਕਹਿੰਦੇ ਹਨ? ਕਹਿੰਦੇ, ਮਨੀਆ, ਜਦੋਂ ਗੁਰੂ ਮਨ ਨੂੰ ਮਾਂਜ ਦੇਵੇ, ਜਦੋਂ ਮਨ ਮਾਂਜਿਆ ਜਾਵੇ ਤੇ ਮਨੀਆਂ ਫਿਰ ਗੁਰੂ ਦੀ ਮੂਰਤ ਅੰਦਰ ਹੀ ਵਸ ਜਾਂਦੀ ਹੈ। ਕਿੰਨੀਆਂ ਖੁਸ਼ੀਆਂ ਲਈਆਂ, ਪੜ੍ਹੋ ਸਾਰੇ ਇੱਕ ਵਾਰ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਦੋ ਸਾਲ ਲੰਘੇ। ਭਾਈ ਮਨੀ ਸਿੰਘ ਜੀ 13 ਸਾਲ ਦੀ ਉਮਰ ਵਿੱਚ ਮਹਾਰਾਜ ਜੀ ਦੇ ਚਰਨਾਂ ਵਿੱਚ ਆਏ। ਦੋ ਸਾਲ ਸੇਵਾ ਕੀਤੀ ਤੇ ਪਿਤਾ ਜੀ ਆ ਗਏ, ਭਾਈ ਮਨੀ ਸਿੰਘ ਜੀ ਦੇ। ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ ਕਹਿੰਦੇ, ਬਾਲਕ ਨੂੰ ਸਾਡੇ ਨਾਲ ਭੇਜ ਦਿਓ, ਮਨੀਏ ਨੂੰ, ਇਸ ਦਾ ਵਿਆਹ ਕਰਨਾ ਹੈ। ਸ਼ਾਦੀ ਕਰਨੀ ਹੈ। ਮਹਾਰਾਜ ਜੀ ਕਹਿੰਦੇ, ਲੈ ਜਾਓ। ਭਾਈ ਮਨੀ ਸਿੰਘ ਜੀ ਦਾ ਵਿਆਹ ਸੀਤੋ ਬਾਈ ਜੀ, ਧਰਮ ਸੁਪਤਨੀ ਦਾ ਨਾਂ, ਔਰ ਕਿਹੜੀ ਰੂਹ ਹੈ, ਸਾਰੀ ਸੰਗਤ ਮਾਣ ਕਰਨਾ ਜੀ, ਭਾਈ ਮਨੀ ਸਿੰਘ ਜੀ ਦਾ ਵਿਆਹ ਕਿਸ ਪਿਤਾ ਜੀ ਦੀ ਧੀ ਨਾਲ ਹੋਇਆ? ਲੱਖੀ ਸ਼ਾਹ ਵਣਜਾਰਾ ਜੀ ਜਿਨ੍ਹਾਂ ਨੇ ਧੰਨ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਲਿਜਾ ਕੇ ਤੇ ਆਪਣੇ ਘਰ ਨੂੰ ਅਗਨ ਭੇਟ ਕੀਤਾ ਸੀ ਕਿ ਮੇਰੇ ਗੁਰੂ ਸਾਹਿਬ ਦੇ ਪਾਵਨ ਧੜ ਦੀ ਬੇਅਦਬੀ ਨਾ ਹੋਵੇ ਭਾਂਵੇਂ ਘਰ ਨੂੰ ਅੱਗ ਲੱਗਦੀ ਹੈ ਤੇ ਲੱਗ ਜਾਵੇ। ਇਹ ਭਾਈ ਮਨੀ ਸਿੰਘ ਜੀ ਦੇ ਸਹੁਰਾ ਸਾਹਿਬ ਹੋਏ ਹਨ। ਇਨ੍ਹਾਂ ਦੀ ਬੱਚੀ ਨੂੰ ਇਹ ਬਖਸ਼ੀਸ਼ ਪ੍ਰਾਪਤ ਹੋਈ, ਭਾਈ ਮਨੀ ਸਿੰਘ ਜੀ ਦੀ ਧਰਮ ਸੁਪਤਨੀ ਹੋਣਾ।

ਸੱਤਵੇਂ ਪਾਤਸ਼ਾਹ ਜੀ ਜੋਤੀ ਜੋਤ ਸਮਾ ਗਏ। ਅੱਠਵੇਂ ਪਾਤਸ਼ਾਹ ਜੀ ਜਦੋਂ ਦਿੱਲੀ ਗਏ ਹਨ ਤੇ ਰਾਜਾ ਜੈ ਸਿੰਘ ਦੇ ਬੰਗਲੇ ਗਏ, ਭਾਈ ਮਨੀ ਸਿੰਘ ਜੀ ਅੱਠਵੇਂ ਪਾਤਸ਼ਾਹ ਜੀ ਦੇ ਮੇਨ ਸਿੱਖਾਂ ਵਿੱਚੋਂ ਨਾਲ ਸੀ। ਜਿੰਨਾ ਸਮਾਂ ਅੱਠਵੇਂ ਪਾਤਸ਼ਾਹ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਰਹੇ, ਭਾਈ ਮਨੀ ਸਿੰਘ ਜੀ ਵੀ ਉਨ੍ਹਾਂ ਦੇ ਨਾਲ ਰਹੇ। ਦਾਸ ਬਹੁਤ ਲੱਭਦਾ ਹੈ ਕਿ ਪੁਰਾਤਨ ਗੁਰਸਿੱਖਾਂ ਦਾ ਨੇਮ ਕਿਵੇਂ ਹੁੰਦਾ ਸੀ? ਪਿਆਰ ਨਾਲ ਸੁਣਨਾ ਜੀ, ਫਿਰ ਅਗਾਂਹ ਥੋੜ੍ਹੀ ਜਿਹੀ ਵਿਚਾਰ। ਭਾਈ ਮਨੀ ਸਿੰਘ ਜੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ, ਬਹੁਤ

ਸਾਰਾ ਸਮਾਂ ਚੌਂਕੜਾ ਮਾਰ ਕੇ ਸਿਮਰਨ ਅਭਿਆਸ ਵਿੱਚ ਬੈਠਦੇ ਸਨ। ਇਹ ਚੀਜ਼ਾਂ ਲਿਆ ਕਰੋ।

***ਮ: ੪ ॥***

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***

***(ਅੰਗ ੩੦੫)***

ਇਹ ਭਾਈ ਸਾਹਿਬ ਦਾ ਨੇਮ ਸੀ, ਤੜਕੇ ਉੱਠਣਾ ਤੇ ਅੰਮ੍ਰਿਤ ਵੇਲੇ ਚੌਂਕੜਾ ਮਾਰ ਕੇ ਨਾਮ ਅਭਿਆਸ ਵਿੱਚ ਜੁੜਨਾ। ਨਾਮ ਅਭਿਆਸ ਵਿੱਚ ਕੁਝ ਘੰਟੇ ਜੁੜਨ ਤੋਂ ਬਾਅਦ ਫਿਰ ਗੁਰੂ ਸਾਹਿਬ ਦੀ ਬਾਣੀ ਪੜ੍ਹਨੀ। ਨਾਲ-ਨਾਲ ਦਾਸ ਇਸ਼ਾਰਾ ਦੇ ਰਿਹਾ ਹੈ।

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***

***(ਅੰਗ ੩੦੫)***

ਦਾਸ ਜਿਹੜੀਆਂ ਗੁਰਮੁਖਾਂ ਰੂਹਾਂ ਨੂੰ ਮਿਲਦਾ ਹੈ ਤੇ ਫਿਰ ਪੁੱਛਦਾ ਹੈ, ਕਿਵੇਂ ਰੁਟੀਨ ਹੈ? ਫਿਰ ਕਈ ਕਹਿੰਦੇ ਹਨ, ਪੰਜ ਬਾਣੀਆਂ ਪੜ੍ਹ ਕੇ, ਫਿਰ ਅਸੀਂ ਸਿਮਰਨ ਦੀ ਹਾਜ਼ਰੀ ਭਰਦੇ ਹਾਂ। ਫਿਰ ਦਿਨੇ ਸੁਖਮਨੀ ਸਾਹਿਬ ਤੇ ਹੋਰ ਨੇਮ। ਕਈ ਹੋਰ ਰੂਹਾਂ ਨੂੰ ਪੁੱਛੀਦਾ ਹੈ ਤੇ ਉਹ ਫਿਰ ਕਹਿੰਦੀਆਂ ਹਨ, ਪੰਜ ਬਾਣੀਆਂ ਪੜ੍ਹ ਕੇ ਫਿਰ ਕੁਝ ਹੋਰ ਬਾਣੀਆਂ। ਇਹ ਕਿਵੇਂ ਵੀ ਕਰ ਲਓ, ਇਸ਼ਾਰਾ ਸਮਝ ਲੈਣਾ। ਭਾਈ ਮਨੀ ਸਿੰਘ ਜੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਚੌਂਕੜਾ ਮਾਰਦੇ ਸਨ, ਨਾਮ ਅਭਿਆਸ ਵਿੱਚ। ਫਿਰ ਦਿਨ ਚੜ੍ਹਦਿਆਂ ਗੁਰਬਾਣੀ ਪੜ੍ਹਨੀ। ਅਗਲੇ ਲਫਜ਼ਾਂ ਤੇ ਧਿਆਨ ਦੇਣਾ। ਕਹਿੰਦੇ, ਫਿਰ ਸਾਰਾ ਦਿਨ ਭਾਈ ਮਨੀ ਸਿੰਘ ਜੀ ਬਾਰੇ ਲਫਜ਼ ਲਿਖਿਆ ਹੈ, ਸਾਵਧਾਨ। ਕਹਿੰਦੇ ਸਾਰਾ ਦਿਨ ਸਾਵਧਾਨ ਹੋ ਕੇ ਤਤਪਰ ਰਹਿਣਾ, ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁੱਖ ਵਿੱਚੋਂ ਕੋਈ ਸੇਵਾ ਨਿਕਲੇ, ਉਸ ਸੇਵਾ ਵਿੱਚ ਕਿਤੇ ਬੇਅਦਬੀ ਨਾ ਹੋ ਜਾਵੇ, ਹੁਕਮ ਨਿਕਲੇ ਤੇ ਸੇਵਾ ਲਈ ਤਤਪਰ ਰਹਿਣਾ, ਸਾਰਾ ਦਿਨ। ਜਦੋਂ ਅੱਠਵੇਂ ਪਾਤਸ਼ਾਹ ਜੀ ਜੋਤੀ-ਜੋਤ ਸਮਾ ਗਏ ਤੇ ਨੌਂਵੇਂ ਪਾਤਸ਼ਾਹ ਜੀ ਜਦੋਂ ਤੱਕ ਪ੍ਰਗਟ ਹੋਏ, ਉਹ ਸਮਾਂ ਫਿਰ ਘਰ ਬੀਤਿਆ ਹੈ ਅਤੇ ਜਦੋਂ ਨੌਂਵੇਂ ਪਾਤਸ਼ਾਹ ਜੀ ਪ੍ਰਗਟ ਹੋਏ ਤੇ ਭਾਈ ਮਨੀ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਨੌਂਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਸੇਵਾ ਵਿੱਚ ਵਾਪਸ ਆ ਗਏ। ਫਿਰ ਜਦੋਂ ਨੌਂਵੇਂ ਪਾਤਸ਼ਾਹ ਜੀ ਦਿੱਲੀ ਗਏ, ਸੀਸ ਦੇਣ ਲਈ ਤੇ ਕਿੰਨਾ ਪਿਆਰ ਮਿਲੇਗਾ, ਧੰਨ ਗੁਰੂ ਤੇਗ ਬਹਾਦਰ ਜੀ ਕੀ ਕਹਿੰਦੇ ਹਨ, ਭਾਈ ਮਨੀਆ ਜੀ, ਗੋਬਿੰਦ ਰਾਏ ਦੇ ਕੋਲ ਤੁਸੀਂ ਰਹਿਣਾ ਹੈ। ਤੁਸੀਂ ਸਾਰਾ ਆਲਾ-ਦੁਆਲਾ ਦੇਖਣਾ ਹੈ। ਇੰਨੀਆਂ ਜ਼ਿੰਮੇਵਾਰੀਆਂ ਗੁਰੂ ਘਰ ਵਿੱਚੋਂ ਮਿਲੀਆਂ। ਇੱਕ ਵਾਰੀ ਨਾਲ-ਨਾਲ ਕਹਿ ਦਿਓ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***

***(ਵਾਰ ੧੯, ਪਉੜੀ ੧੨)***

***ਗੁਰਸਿਖਾਂ ਕੀ ਹਰਿ ਧੂੜਿ ਦੇਹਿ***
***ਹਮ ਪਾਪੀ ਭੀ ਗਤਿ ਪਾਂਹਿ ॥***

***(ਅੰਗ ੧੪੨੪)***

ਮਾਣ ਕਰਨਾ। ਇਸ ਅੰਕ ਵਿੱਚ ਸਿੱਖ ਪੰਥ ਦੇ ਜਿਸ ਗੁਰਮੁਖ ਪਿਆਰੇ ਦਾ ਜ਼ਿਕਰ ਪੜ੍ਹ ਰਹੇ ਹੋ, ਹੁਣ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੰਮ੍ਰਿਤ ਦੀ ਦਾਤ ਦਿੱਤੀ, ਭਾਈ ਮਨੀ ਰਾਮ ਤੋਂ ਭਾਈ ਮਨੀ ਸਿੰਘ ਜੀ ਸਜ ਗਏ। ਇੱਕ ਹੋਰ ਮਾਣ ਕਰਨਾ। ਜਿਹੜਾ ਅਸੀਂ ਕਹਿੰਦੇ ਹਾਂ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 52 ਕਵੀ ਸਨ, ਉਨ੍ਹਾਂ 52 ਕਵੀਆਂ ਵਿੱਚੋਂ ਭਾਈ ਮਨੀ ਸਿੰਘ ਜੀ ਮੁੱਖ ਕਵੀ ਵੀ ਸੀ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ:

***ਕਵੀ ਬਵੰਜਾ ਥੇ ਗੁਰ ਪਾਸ***

***ਉਨ ਮਹਿ ਗਨਨਾ ਇਨ ਕੀ ਖਾਸ।***

ਉਨ੍ਹਾਂ ਵਿੱਚ ਇਨ੍ਹਾਂ ਦੀ ਖਾਸ ਗਿਣਤੀ ਸੀ, ਇਹ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ, 52 ਕਵੀਆਂ ਵਿੱਚੋਂ ਵੱਡੇ ਕਵੀ। ਔਰ ਅੱਗੇ ਵੇਖੋ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਚਰਨਾਂ ਵਿੱਚ ਕਿੰਨਾ ਮਾਣ ਦਿੱਤਾ ਸੀ, ਮਹਾਰਾਜ ਜੀ ਕਹਿੰਦੇ, ਜਦੋਂ ਅਸੀਂ ਬਾਣੀ ਉਚਾਰੀਏ ਤੇ ਭਾਈ ਮਨੀ ਸਿੰਘ ਜੀ ਤੁਸੀਂ ਲਿਖਣੀ ਹੈ। ਹੁਣ ਦਰਸ਼ਨ ਕਰਨਾ। ਪਿਤਾ ਜੀ ਦਾ ਚੌਕੜਾ ਵੱਜਾ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਇਹ ਕੋਈ ਛੋਟੀਆਂ ਸੇਵਾਵਾਂ ਨਹੀਂ। ਕੀ ਪਤਾ ਕਦੋਂ ਮੌਜ ਆ ਜਾਣੀ ਹੈ, ਬਾਣੀ ਉਚਾਰਨ ਦੀ। ਉਹ ਹਰ ਵੇਲੇ ਸੇਵਾ ਵਿੱਚ ਤਤਪਰ, ਹਰ ਵੇਲੇ ਤਿਆਰੀ। ਦਰਸ਼ਨ ਕਰਨਾ ਜੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਚੌਕੜਾ ਵਜ ਗਿਆ ਤੇ ਮੁੱਖ ਵਿੱਚੋਂ ਕੀ ਨਿਕਲਿਆ, ਕਲਗੀਧਰ ਪਿਤਾ ਜੀ ਦੇ :

***ਜਿਮੀ ਤੁਹੀਂ ॥ ਜਮਾ ਤੁਹੀਂ ॥***
***ਮਕੀ ਤੁਹੀਂ ॥ ਮਕਾ ਤੁਹੀਂ ॥੧੬॥੬੬॥***
***ਅਭੂ ਤੁਹੀਂ ॥ ਅਭੈ ਤੁਹੀਂ ॥***
***ਅਛੂ ਤੁਹੀਂ ॥ ਅਛੈ ਤੁਹੀਂ ॥੧੭॥੬੭॥***
***ਜਤਸ ਤੁਹੀਂ ॥ ਬ੍ਰਤਸ ਤੁਹੀਂ ॥***
***ਗਤਸ ਤੁਹੀਂ ॥ ਮਤਸ ਤੁਹੀਂ ॥੧੮॥੬੮॥***

***(ਅਕਾਲ ਉਸਤਤ)***

ਲੱਗ ਗਈ ਸਮਾਧੀ। ਅਖੀਰ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੂੰ ਹੀ, ਤੂੰ ਹੀ, ਤੂੰ ਹੀ ਵਿੱਚ ਜੁੜ ਗਏ। ਸਾਰਾ ਸ਼ਬਦ ਸਰਵਣ ਕਰਵਾਉਣ ਉਪਰੰਤ ਇਹ ਮੁੱਖ ਵਿੱਚੋਂ ਨਿਕਲਿਆ :

***ਤੁਹੀਂ ॥ ਤੁਹੀਂ ॥ ਤੁਹੀਂ ॥ ਤੁਹੀਂ ॥***
***ਤੁਹੀਂ ॥ ਤੁਹੀਂ ॥ ਤੁਹੀਂ ॥ ਤੁਹੀਂ ॥੧੯॥੬੯॥***

***(ਅਕਾਲ ਉਸਤਤ)***

ਇਸ ਦੇ ਅਖੀਰ ਤੇ ਤੂੰ ਹੀ, ਤੂੰ ਹੀ ਤੂੰ ਹੀ। ਨਹੀਂ ਤਾਂ ਸਿੱਖ ਥੋੜ੍ਹਾ ਢਿੱਲਾ ਹੋਵੇ, ਉਹ ਕਹੇ, ਬਾਬਾ ਜੀ ਤੁਹੀ ਤੁਹੀ ਕਹੀ ਜਾਂਦੇ ਹਨ। ਮੈਂ ਹੁਣ ਇਹ ਵੀ ਲਿਖੀ ਜਾਵਾਂ, ਭਾਈ ਪਿੰਦਰਪਾਲ ਸਿੰਘ ਜੀ ਨੇ ਛੇ ਘੰਟੇ ਲਿਖਿਆ ਹੈ, ਕਿਤੇ ਅੱਠ ਲਿਖਿਆ ਹੈ ਜਾਂ ਦਸ ਘੰਟੇ ਲਿਖਿਆ ਹੈ ਪਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਹੀ ਉਚਾਰਨ ਕਰੀ ਗਏ :

***ਤੁਹੀਂ ॥ ਤੁਹੀਂ ॥ ਤੁਹੀਂ ॥ ਤੁਹੀਂ ॥***
***ਤੁਹੀਂ ॥ ਤੁਹੀਂ ॥ ਤੁਹੀਂ ॥ ਤੁਹੀਂ ॥੨੦॥੭੦॥***

***(ਅਕਾਲ ਉਸਤਤ)***

ਕਲਗੀਧਰ ਪਿਤਾ ਜੀ ਦੇ ਜਦੋਂ ਨੇਤਰ ਖੁੱਲ੍ਹੇ ਤੇ ਪੁੱਛਦੇ ਹਨ, ਭਾਈ ਮਨੀ ਸਿੰਘ ਜੀ, ਤੁਹੀ ਤੁਹੀ ਕਿੰਨੀ ਕੁ ਵਾਰੀ ਲਿਖਿਆ ਗਿਆ ਹੈ। ਭਾਈ ਮਨੀ ਸਿੰਘ ਜੀ ਕਹਿੰਦੇ, 16000 ਵਾਰੀ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, 16 ਵਾਰੀ ਇਸ ਸ਼ਬਦ ਦੇ ਥੱਲੇ ਲਿਖਿਆ ਰਹਿਣ ਦਿਓ। ਇਹ ਸ਼ਬਦ ਕੋਈ ਪਿਆਰ ਨਾਲ ਭਿੱਜ ਕੇ ਪੜ੍ਹੇਗਾ ਤੇ 16 ਵਾਰੀ ਨਾਲ ਹੀ 16000 ਦਾ ਮਹਾਤਮ ਝੋਲੀ ਵਿੱਚ ਪਵੇਗਾ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਸੰਗਤ ਜੀ, ਜ਼ਰਾ ਖੁਸ਼ੀਆਂ ਦੇ ਦਰਸ਼ਨ ਕਰਨਾ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅੰਮ੍ਰਿਤ ਛਕਾਇਆ ਤੇ ਭਾਈ ਮਨੀ ਰਾਮ ਤੋਂ ਭਾਈ ਮਨੀ ਸਿੰਘ ਜੀ ਸਜ ਗਏ। ਭਾਈ ਮਨੀ ਸਿੰਘ ਜੀ ਨੇ ਜਦੋਂ ਅੰਮ੍ਰਿਤ ਛਕਿਆ, ਫਿਰ ਭਾਈ ਮਨੀ ਸਿੰਘ ਜੀ ਦੇ ਪੰਜ ਸਪੁੱਤਰਾਂ ਨੇ ਵੀ ਅੰਮ੍ਰਿਤ ਛਕਿਆ। ਜ਼ਰਾ ਦਰਸ਼ਨ ਕਰਨਾ, ਭਾਈ ਬਚਿੱਤਰ ਸਿੰਘ ਜੀ। ਇਹ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਹਨ ਜਿਨ੍ਹਾਂ ਨੇ ਨਾਗਨੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕੀਤਾ ਹੈ। ਦੂਜੇ, ਭਾਈ ਉਦੈ ਸਿੰਘ

ਜੀ, ਇਨ੍ਹਾਂ ਦਾ ਦਸਤਾਰਾ ਨਾਲ ਰਲਦਾ ਸੀ। ਜਦੋਂ ਸਰਸਾ ਪਾਰ ਕੀਤੀ ਤੇ ਭਾਈ ਉਦੈ ਸਿੰਘ ਜੀ ਨੇ ਮੋਰਚਾ ਸੰਭਾਲਿਆ ਸੀ। ਵੇਖੋ, ਕੌਣ ਹੋਏ ਹਨ, ਭਾਈ ਮਨੀ ਸਿੰਘ ਜੀ। ਭਾਈ ਬਚਿੱਤਰ ਸਿੰਘ ਜੀ, ਭਾਈ ਉਦੈ ਸਿੰਘ ਜੀ, ਭਾਈ ਅਨਖ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜੈਬ ਸਿੰਘ ਜੀ ਇਨ੍ਹਾਂ ਪੰਜ ਸਪੁੱਤਰਾਂ ਨੇ ਨਾਲ ਅੰਮ੍ਰਿਤ ਛਕਿਆ, ਭਾਈ ਮਨੀ ਸਿੰਘ ਜੀ ਦੇ। ਬਾਕੀ ਸਪੁੱਤਰਾਂ ਨੇ ਬਾਅਦ ਵਿੱਚ ਛਕਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇੰਨੇ ਖੁਸ਼ ਹੋਏ, ਇੰਨੇ ਪ੍ਰਸੰਨ ਹੋਏ, ਮਹਾਰਾਜ ਜੀ ਨੇ ਹੁਕਮਨਾਮਾ ਜਾਰੀ ਕੀਤਾ, ਉਹ ਹੁਕਮਨਾਮਾ ਇਹ ਸੀ ਕਿ ਭਾਈ ਮਨੀ ਸਿੰਘ ਜੀ ਤੇ ਇਨ੍ਹਾਂ ਦੇ ਪੰਜ ਸਪੁੱਤਰ, ਇਹ ਸਾਰੇ ਮੇਰੇ ਫਰਜ਼ੰਦ ਪੁੱਤਰ ਹਨ। ਇਨ੍ਹਾਂ ਉੱਪਰ ਮੇਰੀ ਬਹੁਤ ਖੁਸ਼ੀ ਹੈ। ਇਹ ਸਾਰੇ ਵਰਤਾਰੇ ਦੇ ਮਹਿਰਮ ਹਨ। ਮਹਿਰਮ ਕਹਿੰਦੇ ਹਨ, ਭੇਤੀ ਨੂੰ। ਇਹ ਸਾਰੇ ਵਰਤਾਰੇ ਦੇ ਮਹਿਰਮ ਹਨ ਔਰ ਸੰਗਤ ਜੀ, ਮਹਾਰਾਜ ਜੀ ਅੱਗੇ ਕੀ ਲਿਖਦੇ ਹਨ, ਕਹਿੰਦੇ, ਭਾਈ ਮਨੀ ਸਿੰਘ ਜੀ ਮੇਰੇ ਇੰਨੇ ਪਿਆਰੇ ਸਿੱਖ ਹਨ, ਇਸ ਦੇ ਪਰਿਵਾਰ ਤੇ ਮੇਰੇ ਪਰਿਵਾਰ ਵਿੱਚ ਕੋਈ ਅੰਤਰ ਨਾ ਸਮਝਣਾ।

***ਬੋਲੋ ਸੋ ਨਿਹਾਲ॥ ਸਤਿ ਸ੍ਰੀ ਅਕਾਲ॥***

ਕੋਈ ਸਿੱਖ ਭਾਈ ਮਨੀ ਸਿੰਘ ਜੀ ਦੇ ਪਰਿਵਾਰ ਦੀ ਕਿਸੇ ਪੱਖ ਤੋਂ ਕੋਈ ਸੇਵਾ ਕਰਦਾ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਉਹ ਮੇਰੀ ਸੇਵਾ ਹੈ। ਇਸ ਅੰਕ ਵਿੱਚ ਜਿਸ ਗੁਰਮੁਖ ਪਿਆਰੇ ਦਾ ਇਤਿਹਾਸ ਪਿਆਰ ਨਾਲ ਪੜ੍ਹ ਰਹੇ ਹੋ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਉਸ ਗੁਰਮੁਖ ਪਿਆਰੇ (ਭਾਈ ਮਨੀ ਸਿੰਘ ਜੀ) ਨਾਲ ਕਿੰਨਾ ਪਿਆਰ ਸੀ। ਪੜ੍ਹੋ ਇੱਕ ਵਾਰ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਸਾਧ ਸੰਗਤ ਜੀ, ਹੁਣ ਆ ਜਾਓ ਸਾਬੋ ਕੀ ਤਲਵੰਡੀ। ਬਾਬਾ ਜੀ ਨੇ ਪੇਟ ਤੋਂ ਕਮਰਕੱਸਾ ਖੋਲ੍ਹ ਦਿੱਤਾ। ਕਹਿੰਦੇ, ਹੁਣ ਜੰਗ ਦਾ ਕਮਰਕੱਸਾ ਖੋਲ੍ਹ ਦਿੱਤਾ ਹੈ। ਹੁਣ ਸੰਥਿਆ ਦੇਣੀ ਸ਼ੁਰੂ ਕੀਤੀ। ਹੁਣ ਗੁਰਬਾਣੀ ਦੀ ਖੋਜ। ਪਿਤਾ ਜੀ ਦਾ ਚੌਂਕੜਾ ਵਜ ਗਿਆ। ਧੀਰਮੱਲ ਨੇ ਨਾਂਹ ਕੀਤੀ, ਸਰੂਪ ਦੇਣ ਤੋਂ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਤਮਿਕ ਬਲ ਨਾਲ 9 ਮਹੀਨੇ 9 ਦਿਨ 9 ਘੜੀਆਂ, ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਨੂੰ ਆਪਣੇ ਨਿੱਜ ਬਲ ਨਾਲ ਉਚਾਰਨ ਕੀਤਾ। ਮਹਾਰਾਜ ਜੀ ਬੋਲਦੇ ਰਹੇ ਤੇ ਭਾਈ ਮਨੀ ਸਿੰਘ ਜੀ ਸ਼ਹੀਦ ਲਿਖਦੇ ਰਹੇ। ਬਾਬਾ ਦੀਪ ਸਿੰਘ ਜੀ ਕਾਗਜ਼ ਤੇ ਕਲਮਾਂ ਦਾ ਪ੍ਰਬੰਧ ਕਰਦੇ ਰਹੇ। ਔਰ ਇਹ ਲਿਖਿਆ ਹੈ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਰਥ ਲਿਖਵਾਏ ਨਹੀਂ, ਸਰਵਣ ਕਰਵਾਏ ਹਨ। 48 ਸਿੰਘ ਸਨ, ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਰਥ ਕੀਤੇ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ, ਸਾਬੋ ਕੀ ਤਲਵੰਡੀ ਵਿਖੇ। 48 ਸਿੰਘ ਜਿਨ੍ਹਾਂ ਨੇ ਅਰਥ ਸਰਵਣ ਕੀਤੇ ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਰਥ ਸੁਣਾਉਣ ਵਿੱਚ ਇੰਨੀ ਕਿਰਪਾ ਸੀ, ਇਹ ਲਫਜ਼ ਸੁਣਨੇ ਔਖੇ ਹੋਣ, ਬਦੇਹ ਮੁਕਤ। ਸਰੀਰ ਸਮੇਤ ਦਰਗਾਹ ਨੂੰ। ਸਿੰਘ ਬਦੇਹ ਮੁਕਤ ਹੋਣਾ ਸ਼ੁਰੂ ਹੋ ਗਏ ਤੇ ਕਲਗੀਧਰ ਪਿਤਾ ਜੀ ਕਹਿਣ ਲੱਗੇ, ਟਕਸਾਲ ਕਿਵੇਂ ਚੱਲੇਗੀ? ਸਿੰਘ ਸਰੀਰ ਸਮੇਤ ਬਦੇਹ ਮੁਕਤ ਹੋ ਰਹੇ ਹਨ।

ਇਹ ਸੰਤ ਕਿਰਪਾਲ ਸਿੰਘ ਜੀ ਦੀ ਕਿਤਾਬ ਵਿੱਚ ਲਿਖਿਆ ਹੈ, ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਨੂੰ ਰੋਕ ਲਿਆ। ਬਾਬਾ ਦੀਪ ਸਿੰਘ ਜੀ ਦੀ ਡਿਊਟੀ ਮਹਾਰਾਜ ਜੀ ਨੇ ਲਗਾਈ, ਸਾਬੋ ਕੀ ਤਲਵੰਡੀ ਦਮਦਮਾ ਸਾਹਿਬ, ਉੱਥੋ ਦਮਦਮੀ

ਟਕਸਾਲ ਤੋਰੀ ਤੇ ਭਾਈ ਮਨੀ ਸਿੰਘ ਜੀ ਦੀ ਡਿਊਟੀ ਸ੍ਰੀ ਅੰਮ੍ਰਿਤਸਰ ਸਾਹਿਬ ਲਗਾਈ ਕਿ ਤੁਸੀਂ ਇੱਥੇ ਹੁਣ ਗੁਰਬਾਣੀ ਨਾਲ ਸਿੱਖਾਂ ਨੂੰ ਜੋੜਨਾ ਹੈ ਤੇ ਭਾਈ ਮਨੀ ਸਿੰਘ ਜੀ, ਧੰਨ ਗੁਰੂ ਰਾਮਦਾਸ ਜੀ ਦੇ ਘਰ ਦੇ ਮੁੱਖ ਗ੍ਰੰਥੀ ਵੀ ਰਹੇ ਹਨ।

ਭਾਈ ਪਿੰਦਰਪਾਲ ਸਿੰਘ ਜੀ ਨੇ ਲਿਖਿਆ ਹੈ, ਭਾਈ ਮਨੀ ਸਿੰਘ ਜੀ ਨੇ ਅਰਦਾਸੀਏ ਨਿਯੁਕਤ ਕੀਤੇ, ਗ੍ਰੰਥੀ ਸਿੰਘ ਨਿਯੁਕਤ ਕੀਤੇ, ਮੁੱਖ ਗ੍ਰੰਥੀ ਦੀ ਸੇਵਾ ਵੀ ਨਿਭਾਈ। ਤੇ ਸਾਧ ਸੰਗਤ ਜੀ, ਰੋਜ਼ ਗੁਰਬਾਣੀ ਦੇ ਅਰਥ ਕਰਕੇ ਸੰਗਤਾਂ ਨੂੰ ਜੋੜਿਆ। ਨੇੜੇ ਆ ਰਹੀ ਸੀ, ਦੀਵਾਲੀ। ਖਾਲਸਾ ਪੰਥ ਨੇ ਰਾਏ ਦਿੱਤੀ ਕਿ ਦੀਵਾਲੀ ਨੂੰ ਸਾਰੇ ਸਿੱਖਾਂ ਦਾ ਇਕੱਠ ਸੱਦਿਆ ਜਾਵੇ, ਸ੍ਰੀ ਹਰਿਮੰਦਰ ਸਾਹਿਬ। ਭਾਈ ਮਨੀ ਸਿੰਘ ਜੀ ਦੀ ਡਿਊਟੀ ਲਗਾਈ ਕਿ ਤੁਸੀਂ ਜ਼ਕਰੀਆਂ ਖਾਂ ਨਾਲ ਗੱਲ ਕਰੋ ਕਿ ਦੀਵਾਲੀ ਨੂੰ ਸਾਰੇ ਸਿੱਖ ਇਕੱਠੇ ਹੋਣ। ਵੇਖੋ ਇਹੋ ਜਿਹਾ ਵੇਲਾ ਸਾਡੇ ਤੇ ਆਇਆ ਹੈ ਕਿ ਸ੍ਰੀ ਅੰਮ੍ਰਿਤਸਰ ਸਿੱਖਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਇਜਾਜ਼ਤ ਨਹੀਂ ਸੀ, ਇੰਨੀਆਂ ਪਾਬੰਦੀਆਂ ਦਾ ਟਾਈਮ ਸਾਡੇ ਤੇ ਲੰਘਿਆ ਹੈ। ਖਾਲਸੇ ਨੇ ਕਿਹਾ, ਤੁਸੀਂ ਗੱਲ ਕਰੋ, ਜ਼ਕਰੀਆ ਖਾਂ ਨਾਲ। ਤੇ ਫਿਰ ਭਾਈ ਸੁਬੇਗ ਸਿੰਘ ਰਾਹੀਂ ਸੁਨੇਹਾ ਭੇਜਿਆ ਕਿ ਸਿੱਖ ਦੀਵਾਲੀ ਨੂੰ ਇਕੱਠ ਕਰਨਾ ਚਾਹੁੰਦੇ ਹਨ। ਅੱਗੋਂ ਜ਼ਕਰੀਆ ਖਾਂ ਕਹਿੰਦਾ ਹੈ, ਜੇ ਇਕੱਠ ਕਰਨਾ ਹੈ ਤੇ ਮੈਨੂੰ ਟੈਕਸ ਦੇਣਾ ਪਵੇਗਾ। ਇਹ ਸਮਾਂ ਲੰਘਿਆ ਹੈ। ਉਦੋਂ ਦਾ ਦਸ ਹਜ਼ਾਰ ਤੇ ਅੱਜ ਦਾ ਕਰੋੜਾਂ ਲਗਾ ਲਓ। ਇੰਨਾ ਟੈਕਸ ਲਵਾਂਗਾ ਤੇ ਅੱਗੋਂ ਭਾਈ ਮਨੀ ਸਿੰਘ ਜੀ ਕਹਿੰਦੇ, ਦੀਵਾਲੀ ਤੋਂ ਬਾਅਦ ਜਿਹੜਾ ਸਿੰਘਾਂ ਦਾ ਦਸਵੰਧ ਆਏਗਾ, ਅਸੀਂ ਟੈਕਸ ਦੇ ਦਿਆਂਗੇ, ਦੀਵਾਲੀ ਤੇ ਇਕੱਠ ਕਰਨਾ ਹੈ। ਸਾਰਾ ਕੁਝ ਫਾਈਨਲ ਹੋ ਗਿਆ। ਹੁਕਮਨਾਮੇ ਵੀ ਕੱਢ ਦਿੱਤੇ। ਦੀਵਾਲੀ ਤੇ ਸ੍ਰੀ ਹਰਿਮੰਦਰ ਸਾਹਿਬ ਇਕੱਠ ਕਰਨਾ ਹੈ। ਜ਼ਕਰੀਆ ਖਾਂ ਦੇ ਕੋਲ ਖੜ੍ਹਾ ਸੀ, ਲਖਪਤ ਰਾਏ। ਲਖਪਤ ਰਾਏ ਨੇ ਜ਼ਕਰੀਆ ਖਾਂ ਨੂੰ ਕਿਹਾ, ਇਸ ਤੋਂ ਵਧੀਆ ਮੌਕਾ ਹੀ ਕੋਈ ਨਹੀਂ। ਅਸੀਂ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖਦੇ ਹਾਂ, ਸਿਰ ਲੱਭਦੇ ਹਾਂ। ਹੁਣ ਸਿੱਖ ਇੱਕ ਜਗ੍ਹਾ ਇਕੱਠੇ ਹੋ ਰਹੇ ਹਨ ਤੇ ਜ਼ਕਰੀਆ ਖਾਂ, ਸਾਰਿਆਂ ਨੂੰ ਹੀ ਕਤਲ ਕਰ ਦੇ। ਇਹ ਸਾਰੀ ਖਬਰ ਭਾਈ ਮਨੀ ਸਿੰਘ ਜੀ ਤੱਕ ਪਹੁੰਚ ਗਈ। ਉਨ੍ਹਾਂ ਨੇ ਫਿਰ ਸੁਨੇਹੇ ਭੇਜੇ, ਰੁਕ ਜਾਓ, ਇਸ ਦੀ ਨੀਅਤ ਮਾੜੀ ਹੈ। ਭਾਈ ਪਿੰਦਰਪਾਲ ਸਿੰਘ ਜੀ ਨੇ ਲਿਖਿਆ ਹੈ ਕਿ ਜਿਨ੍ਹਾਂ ਕੋਲ ਰਾਹ ਵਿੱਚ ਸੁਨੇਹਾ ਨਹੀਂ ਮਿਲਿਆ ਤੇ ਉਹ ਫਿਰ ਸ਼ਹੀਦ ਵੀ ਹੋ ਗਏ ਤੇ ਜਦੋਂ ਜ਼ਕਰੀਆ ਖਾਂ ਨੇ ਟੈਕਸ ਮੰਗਿਆ। ਭਾਈ ਮਨੀ ਸਿੰਘ ਜੀ ਕਹਿੰਦੇ, ਟੈਕਸ ਕਾਹਦਾ ਦੇਈਏ, ਜਦੋਂ ਇਕੱਠ ਹੀ ਨਹੀਂ ਕੀਤਾ। ਫਿਰ ਕੀ ਹੋਇਆ? ਪਹਿਲਾਂ ਇੱਕ ਵਾਰੀ ਪੜ੍ਹ ਲਓ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਭਾਈ ਸਾਹਿਬ ਕਹਿੰਦੇ, ਟੈਕਸ ਕਾਹਦਾ ਦੇਈਏ, ਜਦ ਇਕੱਠ ਹੀ ਨਹੀਂ ਕੀਤਾ। ਉਸਨੇ ਐਲਾਨ ਕਰ ਦਿੱਤਾ ਤੇ ਭਾਈ ਮਨੀ ਸਿੰਘ ਜੀ, ਉਨ੍ਹਾਂ ਦੇ ਦੋ ਪੁੱਤਰ, ਦੋ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲੈ ਆਏ। ਲਾਹੌਰ ਗ੍ਰਿਫਤਾਰੀ ਹੋ ਗਈ। ਹੁਣ ਲਫਜ਼ ਬਿਆਨ ਨਹੀਂ ਕੀਤੇ ਜਾ ਰਹੇ। ਗ੍ਰਿਫਤਾਰੀ ਤੋਂ ਬਾਅਦ ਜ਼ਕਰੀਆ ਖਾਂ ਨੇ ਆਖਿਆ, ਸ੍ਰੀ ਹਰਿਮੰਦਰ ਸਾਹਿਬ ਦਾ ਸਰੋਵਰ ਮਿੱਟੀ ਨਾਲ ਪੂਰ ਦਿਓ। ਔਰ ਕਾਜ਼ੀ ਕੋਲੋਂ ਫਤਵਾ ਜਾਰੀ ਕਰਵਾਇਆ, ਭਾਈ ਮਨੀ ਸਿੰਘ ਜੀ ਜਾਂ ਇਸਲਾਮ ਕਬੂਲ ਕਰ ਲਵੋ ਨਹੀਂ ਤਾਂ ਬੰਦ-ਬੰਦ ਕੱਟ ਦਿੱਤਾ ਜਾਵੇਗਾ। ਤਿਆਰੀ ਹੋ ਗਈ। ਇੱਥੋਂ ਤੱਕ ਲਿਖਿਆ ਹੈ, ਲਾਹੌਰ ਦੇ ਕੁਝ ਸਿੱਖ 5000 ਰੁਪਿਆ ਇਕੱਤਰ

ਕਰਕੇ ਲੈ ਆਏ। ਅੱਜ ਦਾ ਕਰੋੜਾਂ ਰੁਪਿਆ ਬਣ ਜਾਂਦਾ ਹੈ। ਤੇ ਆ ਕੇ ਕਹਿਣ ਲੱਗੇ, ਜ਼ਕਰੀਆ ਖਾਂ, ਤੂੰ ਇਹ ਲੈ ਲੈ ਤੇ ਭਾਈ ਮਨੀ ਸਿੰਘ ਜੀ ਨੂੰ ਛੱਡ ਦੇ। ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਆਖਿਆ, ਗੱਲ ਮਾਇਆ ਦੀ ਨਹੀਂ, ਇਹ ਤਾਂ ਬਹਾਨਾ ਲੱਭਦੇ ਹਨ। ਇਹ ਬਹਾਨਾ ਬਣਾ ਰਹੇ ਹਨ, ਖਤਮ ਕਰਨ ਦਾ। ਇਹ ਮਾਇਆ ਭਲੇ ਲਈ ਵਰਤੋ।

ਫਿਰ ਜਦੋਂ ਐਲਾਨ ਕਰ ਦਿੱਤਾ, ਬੰਦ-ਬੰਦ ਕੱਟਣ ਦਾ, ਹੁਣ ਇੱਥੇ ਆ ਕੇ ਸਿਰ ਝੁਕਾਉਣਾ, ਜਦੋਂ ਭਾਈ ਮਨੀ ਸਿੰਘ ਜੀ ਦਾ ਜਲਾਦ ਗੁੱਟ ਕੱਟਣ ਲੱਗਾ ਤੇ ਭਾਈ ਮਨੀ ਸਿੰਘ ਜੀ ਜਲਾਦ ਨੂੰ ਕਹਿੰਦੇ, ਆਪਣੇ ਮਾਲਕ ਦੇ ਹੁਕਮ ਦੀ ਬੇਅਦਬੀ ਕਰ ਰਿਹਾ ਹੈਂ। ਬੰਦ-ਬੰਦ ਪੋਟੇ ਤੋਂ ਬਣਦਾ ਹੈ, ਗੁੱਟ ਤੋਂ ਨਹੀਂ ਬਣਦਾ। ਕਹਿੰਦੇ, ਜਦੋਂ ਪੋਟੇ ਤੋਂ ਕੱਟਣ ਲੱਗਾ, ਬੰਦ-ਬੰਦ, ਸਿਰ ਝੁਕਾਉਣਾ, ਭਾਈ ਮਨੀ ਸਿੰਘ ਜੀ ਨੇ ਸੁਖਮਨੀ ਸਾਹਿਬ ਜੀ ਦਾ ਪਾਠ ਆਰੰਭ ਕਰ ਦਿੱਤਾ। ਜਦੋਂ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਣ ਲੱਗੇ, ਉਸ ਵੇਲੇ ਭਾਈ ਸਾਹਿਬ ਜੀ ਦੀ ਉਮਰ 90 ਸਾਲ ਸੀ। 90 ਸਾਲ ਦੇ ਬਜ਼ੁਰਗ। ਇੱਕ ਹੁੰਦੀ ਹੈ ਜਵਾਨੀ। ਇੱਕ ਹੈ 40-50 ਸਾਲ ਦੀ ਉਮਰ ਤੇ ਇੱਕ ਹੈ 90 ਸਾਲ ਦੀ ਉਮਰ ਪਰ ਬਾਣੀ ਨੇ ਮਨ ਨੂੰ ਡੋਲਣ ਨਹੀਂ ਦਿੱਤਾ।

ਇਤਿਹਾਸਕਾਰਾਂ ਨੇ ਇੱਥੋਂ ਤੱਕ ਲਿਖਿਆ ਹੈ ਕਿ ਜਦ ਤੱਕ ਬੰਦ-ਬੰਦ ਕੱਟਦਾ ਰਿਹਾ, ਭਾਈ ਸਾਹਿਬ ਜੀ ਸੁਖਮਨੀ ਸਾਹਿਬ ਦਾ ਪਾਠ ਅਡੋਲ ਕਰਦੇ ਰਹੇ। ਸਾਧ ਸੰਗਤ ਜੀ, ਪਾਠ ਦੀ ਪੂਰਨ ਸਮਾਪਤੀ ਤੋਂ ਬਾਅਦ ਸਰੀਰ ਰੂਪੀ ਚੋਲਾ ਛੱਡਿਆ। ਸਾਰੇ ਪਿਆਰ ਨਾਲ ਪੜ੍ਹੋ ਜੀ:

***ਧੰਨ ਹੈ ਧੰਨ ਹੈ ਧੰਨ ਹੈ ਭਾਈ ਮਨੀ ਸਿੰਘ ਜੀ ਧੰਨ ਹੈ।***
***ਧੰਨ ਹੈ ਧੰਨ ਹੈ ਧੰਨ ਹੈ ਭਾਈ ਮਨੀ ਸਿੰਘ ਜੀ ਧੰਨ ਹੈ।***

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*

***

---

*ਪੰਨਾ 25 ਦਾ ਬਾਕੀ ਹਿੱਸਾ—*

ਰਾਜਿੰਦਰ ਕੁਮਾਰ ਨੇ ਹੱਥ ਜੋੜੇ। "ਹਾਂ ਠੀਕ ਹੈ, ਉਹ ਦਵਾਈ ਵਰਤੀਂ।" ਬਾਬਾ ਕਿਸ਼ਨ ਸਿੰਘ ਜੀ ਨੇ ਰਮਜ਼ ਭਰਿਆ ਬਚਨ ਕੀਤਾ।

ਰਾਜਿੰਦਰ ਕੁਮਾਰ ਭਾਵਨਾ ਨਾਲ ਸੇਵਾ-ਸਿਮਰਨ ਕਰਦਾ ਰਿਹਾ। ਨਾਮ ਅਉਖਧ ਨਾਲ ਜਲਦੀ ਹੀ ਨੌਂ-ਬਰ-ਨੌਂ ਹੋ ਗਿਆ। ਉਸਦੇ ਠੀਕ ਹੋਣ ਤੇ ਮਹਾਂਪੁਰਖਾਂ ਨੇ ਉਸਨੂੰ ਘਰ ਜਾਣ ਲਈ ਕਿਹਾ ਪਰ ਉਹ ਵੀ ਰਤਨ ਸਿੰਘ ਵਾਂਗੂੰ ਉੱਥੇ ਹੀ ਰਹਿ ਕੇ ਸੇਵਾ ਕਰਨਾ ਚਾਹੁੰਦਾ ਸੀ। ਵਾਰ-ਵਾਰ ਕਹੇ ਜਾਣ ਤੇ ਵੀ ਉਹ ਨਾ ਗਿਆ ਤਾਂ ਮਹਾਂਪੁਰਖਾਂ ਨੇ ਕਿਹਾ ਕਿ ਘੱਟੋ-ਘੱਟ ਪਰਿਵਾਰ ਨੂੰ ਮਿਲ ਹੀ ਆਵੇ।

ਬਚਨ ਮੰਨ ਕੇ ਉਹ ਆਪਣੇ ਘਰ ਗਿਆ ਤਾਂ ਉਸਨੂੰ ਕਿਸੇ ਨੇ ਵੀ ਨਹੀਂ ਪਛਾਣਿਆ। ਇੱਕ ਤਾਂ ਉਸਨੇ ਹੁਣ ਦਾਹੜੀ ਕੇਸ ਰੱਖ ਲਏ ਸਨ। ਦੂਸਰਾ ਉਸਦੇ ਪਰਿਵਾਰ ਵਾਲੇ ਉਸਨੂੰ ਮ੍ਰਿਤਕ ਮੰਨ ਚੁੱਕੇ ਸਨ। ਰਾਜਿੰਦਰ ਕੁਮਾਰ ਨੇ ਵੀ ਆਪਣੀ ਅਸਲੀਅਤ ਨਾਂ ਦੱਸ ਕੇ ਖੁਦ ਨੂੰ 'ਰਾਜਿੰਦਰ ਕੁਮਾਰ ਦਾ ਦੋਸਤ' ਦੱਸਿਆ। ਗੱਲਾਂ-ਗੱਲਾਂ ਵਿੱਚ ਉਸਨੂੰ ਇਹ ਵੀ ਪਤਾ ਲੱਗਾ ਕਿ ਉਸਦੀ ਪਤਨੀ ਦੇ ਪਿਤਾ ਜੀ ਨੇ ਆਪਣੀ ਧੀ ਦੇ ਨਾਮ ਇੱਕ ਵੱਡੀ ਰਕਮ ਬੈਂਕ ਵਿੱਚ ਕਰਵਾ ਦਿੱਤੀ ਸੀ, ਜਿਸਦੇ ਵਿਆਜ ਨਾਲ ਠੀਕ ਗੁਜ਼ਾਰਾ ਹੋ ਰਿਹਾ ਸੀ।

ਰਾਜਿੰਦਰ ਕੁਮਾਰ ਵਾਪਸ ਆ ਗਿਆ ਅਤੇ ਆਪਣੀ ਭਾਵਨਾ ਅਨੁਸਾਰ ਸੇਵਾ-ਸਿਮਰਨ ਵਿੱਚ ਜੁੱਟ ਗਿਆ।

***

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

***—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ***

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

**ਕਾਂਡ ਚੌਥਾ-**

ਬਾਗਾਂ ਦੇ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਹੋਈ। ਇਸ ਵਾਰ ਵੀ ਭਿੜਕੀ ਨੂੰ ਭਾਗ ਲਾਏ। ੧੯੩੮ ਦੇ ਅਖਰੀਲੇ ਦਿਨ ਸਨ। ਸਿਆਲ ਦੀ ਰੁੱਤ ਸੀ। ਮੱਘਰ ਦਾ ਮਹੀਨਾ ਸੀ। ਭਾਗਾਂ ਵਾਲੇ ਸੇਵਾ ਸਤਿਸੰਗ ਅਤੇ ਸਿਮਰਨ ਦੁਆਰਾ ਲਾਭ ਪ੍ਰਾਪਤ ਕਰਦੇ। ਮੱਘਰ ਮਹੀਨਾ ਅਜਿਹੇ ਵਡਭਾਗੀਆਂ ਲਈ ਹੀ ਤਾਂ ਸੁਭਾਗਾ ਭਰਿਆ ਹੁੰਦਾ ਹੈ :

***ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥***
***ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥***
***ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥***
***ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥***
***ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥***
***ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥***

***(ਅੰਗ ੧੧੦੯)***

ਗੁਰਮੁਖ ਲਈ ਤਾਂ ਹਰ ਘੜੀ, ਹਰ ਪਲ, ਹਰ ਦਿਨ, ਹਰ ਮਹੀਨਾ ਚੰਗਾ ਹੈ। ਉਸਨੂੰ ਸ਼ਗਨ-ਅਪਸ਼ਗਨ ਦਾ ਕੋਈ ਡਰ ਨਹੀਂ ਹੁੰਦਾ। ਇਸ ਜੰਜਾਲ ਵਿੱਚ ਤਾਂ ਮਨਮੁਖ ਅਤੇ ਬੇਮੁਖ ਫਸੇ ਹੁੰਦੇ ਨੇ:

***ਸਗੁਨ ਅਪਸਗੁਨ ਤਿਸ ਕਉ ਲਗਹਿ***
***ਜਿਸੁ ਚੀਤਿ ਨ ਆਵੈ ॥***

***(ਅੰਗ ੪੦੧)***

ਉਨ੍ਹਾਂ ਲਈ ਤਾਂ ਸਾਰੀ ਆਰਜਾ ਹੀ ਬੁਰੀ ਹੈ। ਜਿਸ ਵੇਲੇ ਨਾਮ ਵਿਸਰੇ, ਓਹੀ ਸਮਾਂ ਬੁਰਾ ਹੈ। ਗੁਰਮੁਖ ਉਹ ਹੈ ਜਿਸ ਦੀ ਲਿਵ ਸਦਾ ਹੀ ਗੁਰੂ ਚਰਨਾਂ ਵੱਲ ਰਹਿੰਦੀ ਹੈ। ਇਸ ਬਿਰਤੀ ਦਾ ਪ੍ਰਾਪਤ ਹੋਣਾ ਕੋਈ ਸੌਖਾ ਨਹੀਂ, ਨਿਰੰਤਰ ਅਭਿਆਸ ਦੀ ਲੋੜ ਹੈ। ਅਭਿਆਸ ਦੁਆਰਾ ਹੀ ਥੋੜ੍ਹੇ ਸਮੇਂ ਤੋਂ ਵਧਦੇ-ਵਧਦੇ ਜ਼ਿਆਦਾ ਸਮੇਂ ਤੱਕ ਸਿਮਰਨ ਸੇਵਾ-ਸੰਗਤ ਦੀ ਕਿਰਪਾ ਪ੍ਰਾਪਤ ਕੀਤੀ ਜਾ ਸਕਦੀ ਹੈ। ਅਜਿਹੇ ਅਭਿਆਸੀ ਸੰਗਤ ਕਰਕੇ ਪ੍ਰਮਾਰਥ ਦੀ ਪੜ੍ਹਾਈ ਵਿੱਚ ਲਾਭ ਪ੍ਰਾਪਤ ਕਰ ਰਹੇ ਸਨ।

ਇੱਕ ਦਿਨ ਸਵੇਰੇ ਕੁਕਾਰਿਆਂ ਦਾ ਪੀਰ ਆਪਣੇ ਕੁਝ ਮੁਰੀਦਾਂ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਆਇਆ। ਕੁਕਾਰੇ ਉਸ ਪਾਸੇ ਮੁਸਲਮਾਨਾਂ ਦਾ ਇੱਕ ਵਿਸ਼ੇਸ਼ ਵਰਗ ਸੀ। ਠਾਠ ਤੋਂ ਥੋੜ੍ਹਾ ਪਿੱਛੇ ਆਪਣਾ ਘੋੜਾ ਬੰਨ੍ਹ ਕੇ ਅੰਦਰ ਆਇਆ। ਬਾਬਾ ਜੀ ਅਜੇ ਬਾਹਰ ਹੀ ਸਨ। ਜਾਪਦਾ ਸੀ ਕਿਸੇ ਨੂੰ ਉਡੀਕ ਰਹੇ ਹੋਣ।

"ਤੂੰ ਅੱਲ੍ਹਾ ਦੀ ਪਾਕ ਜਾਤ ਏ! ਮੇਰੀ ਝੋਲੀ ਨੂੰ ਭਰ ਦੇ।" ਆਖਦਿਆਂ ਉਸਨੇ ਆਪਣੇ ਗਲੇ ਦਾ ਪਰਨਾ ਧਰਤੀ 'ਤੇ ਵਿਛਾ ਦਿੱਤਾ।

ਬਾਬਾ ਜੀ ਪਾਸ ਉਸ ਵੇਲੇ ਕਵੀ ਸੀ ਅਤੇ ਕੁਝ ਹੋਰ ਪ੍ਰੇਮੀ ਖੜੇ ਸਨ। ਆਪ ਜੀ ਨੇ ਉਸ ਪੀਰ ਨੂੰ ਇਸਲਾਮ ਦੀ ਸ਼ਰੀਅਤ ਅਤੇ ਤਸੱਵਫ ਬਾਰੇ ਬਚਨ ਕਰਦਿਆਂ ਬੰਦਗੀ ਕਰਨ ਦਾ ਢੰਗ ਦੱਸਿਆ।

"ਬਹੁਤ ਕੀਤਾ ਐ ਜੀ ਇਹ ਸਭੇ ਕੁਝ। ਸਜਦੇ ਕਰ ਕਰ ਘਸ ਗਿਆ ਮੱਥਾ, ਪਰ ਕੁਝ ਨਹੀਂ ਲੱਭਾ। ਤੂੰ ਹੀ ਝੋਲੀ ਭਰ ਸਕਦਾ ਐ।"

"ਦੇਖ ਓ ਪੀਰਾ! ਤੂੰ ਪੁੱਛਦਾ ਐਂ ਸਿਰੇ ਦੀ

ਗੱਲ ਤੇ ਤੈਨੂੰ ਸਿਰੇ ਦਾ ਹੀ ਜਵਾਬ ਦੇਣਾ ਐ। ਇਹਤੋਂ ਪਰੇ ਕੋਈ ਗੱਲ ਨਹੀਂ। ਜਿਹੜੀ ਗੱਲ ਤੂੰ ਭਾਲਦਾ ਐਂ। ਇਹਦਾ ਮੁੱਲ ਜਾਣਦਾ ਐਂ ਕੀ ਐ? ਇਹ ਸਿਰ ਵਟੇ ਮਿਲਦੀ ਐ।" ਬਾਬਾ ਜੀ ਨੇ ਬਚਨ ਕੀਤਾ, ਪਰ ਇਸ ਤੋਂ ਪਹਿਲਾਂ ਕਿ ਉਹ ਕੋਈ ਉੱਤਰ ਦਿੰਦਾ, ਆਪ ਜੀ ਨੇ ਬਚਨ ਕੀਤਾ, "ਪਹਿਲਾ ਦਸ ਤੇਰਾ ਸਿਰ ਇਕ ਵੈ ਕਿ ਦੋ।"

ਇਸ ਰਮਜ਼ ਨੂੰ ਸਮਝਦਿਆਂ ਉਸਨੇ ਪਰਨਾ ਚੁੱਕਦਿਆਂ ਕਿਹਾ, "ਮੇਰਾ ਘਰ ਪੂਰਾ ਹੋ ਗਿਆ।"

"ਕਵੀ ! ਕੁਝ ਸਮਝਿਓ?" ਬਾਬਾ ਜੀ ਨੇ ਕਵੀ ਜੀ ਨੂੰ ਪੁੱਛਿਆ।

"ਜੀ.... ਦਾਸ ਨੂੰ ਤਾਂ ਕੁਝ ਸਮਝ ਨਹੀਂ ਆਈ। ਆਪ ਜੀ ਕਿਰਪਾ ਕਰੋ। ਸੁਮੱਤ ਬਖਸ਼ੋ।" ਕਵੀ ਜੀ ਨੇ ਨਿਮਰਤਾ ਨਾਲ ਕਿਹਾ। "ਦਸ ਬਈ ਇਹਨੂੰ ਵੀ।" ਬਾਬਾ ਜੀ ਨੇ ਪੀਰ ਨੂੰ ਕਿਹਾ।

ਪੀਰ ਨੇ ਦੱਸਿਆ ਕਿ ਉਸਨੇ ਆਪਣੇ ਪੀਰ ਤੋਂ ਉਪਦੇਸ਼ ਤਾਂ ਲੈ ਲਿਆ ਪਰ ਸਿਰ ਨਹੀਂ ਦਿੱਤਾ, ਭਾਵ ਆਪਾ ਅਰਪਣ ਨਹੀਂ ਕੀਤਾ। ਜਦ ਬਾਬਾ ਜੀ ਨੇ ਬਚਨ ਕੀਤਾ ਕਿ ਇਹ ਦਾਤ ਸਿਰ ਵਟੇ ਮਿਲਦੀ ਹੈ, ਉਹ ਬਾਬਾ ਜੀ ਨੂੰ ਕਹਿਣ ਲੱਗਾ ਸੀ ਕਿ ਸਿਰ ਹਾਜ਼ਰ ਹੈ, ਪਰ ਜਦ ਬਾਬਾ ਜੀ ਨੇ ਪੁੱਛਿਆ ਕਿ ਸਿਰ ਇੱਕ ਹੈ ਜਾਂ ਦੋ ਤਾਂ ਉਹ ਸਮਝ ਗਿਆ ਕਿ ਸਿਰ ਇੱਕ ਹੀ ਥਾਂ ਦਿੱਤਾ ਜਾ ਸਕਦਾ ਹੈ।

ਤਸਬੀਆਂ ਉਸਨੇ ਬਹੁਤ ਫੇਰੀਆਂ, ਪਰ ਇੱਕੋ ਨੁਕਤੇ ਨੂੰ ਭੁੱਲਿਆ ਰਿਹਾ। ਕਈ ਵਾਰ ਬੰਦਾ ਆਪਣੇ ਵੱਲੋਂ ਬਹੁਤ ਜ਼ੋਰ ਲਾਉਂਦਾ ਹੈ ਕਿ ਇਹ ਦਾਤ ਪ੍ਰਾਪਤ ਹੋ ਜਾਵੇ ਪਰ ਕਿਤੇ ਇੱਕ ਨੁਕਤੇ 'ਤੇ ਭੁੱਲ ਰਿਹਾ ਹੁੰਦਾ ਹੈ। ਬੁੱਲੇ ਸ਼ਾਹ ਨੇ ਕਿਹਾ ਹੈ:

***ਐਵੇਂ ਮੱਥਾ ਜ਼ਮੀਨ ਘਸਾਈਦਾ।***
***ਲੰਮਾ ਪਾ ਮਹਿਰਾਬ ਦਿਖਾਈਦਾ।***
***ਪੜ੍ਹ ਕਲਮਾਂ ਲੋਗ ਸੁਹਾਈਦਾ।***
***ਦਿਲ ਅੰਦਰ ਸਮਝ ਨਾ ਲਿਘਾਈਦਾ।***
***ਕਦੀ ਸੱਚੀ ਬਾਤ ਵੀ ਲੁਕਦੀ ਏ।***
***ਇਕ ਨੁਕਤੇ ਵਿਚ ਗੱਲ ਮੁਕਦੀ ਏ।***

ਬਾਬਾ ਜੀ ਨੇ ਉਸਨੂੰ ਸਮਝਾਇਆ ਕਿ ਉਹ ਆਪਣੇ ਮੁਰਸ਼ਦ 'ਤੇ ਭਾਵਨਾ ਰੱਖੇ, ਭਾਵਨਾ ਨੂੰ ਹੀ ਫਲ ਲੱਗਣੇ ਨੇ।

ਆਪ ਜੀ ਪਾਸ ਜਿਸ ਵੀ ਧਰਮ ਨੂੰ ਮੰਨਣ ਵਾਲਾ ਆਉਂਦਾ, ਉਸਨੂੰ ਆਪਣੇ ਧਰਮ 'ਤੇ ਪੱਕਾ ਰਹਿਣ ਦਾ ਉਪਦੇਸ਼ ਦਿੰਦੇ। ਕਿਸੇ ਦੇ ਧਰਮ ਅਤੇ ਵਿਸ਼ਵਾਸਾਂ ਦਾ ਖੰਡਨ ਨਾ ਕਰਦੇ, ਪਰ ਜੇ ਉਸ ਵਿੱਚ ਕੋਈ ਕਮੀ ਹੁੰਦੀ ਤਾਂ ਉਹ ਦੂਰ ਕਰ ਦਿੰਦੇ।

ਇੱਕ ਵਾਰ ਆਪ ਜੀ ਪਾਸ ਕਿਸ਼ਨਪੁਰੇ ਪਿੰਡ ਦਾ ਉਮਰਾਓਦੀਨ ਨਾਂ ਦਾ ਇੱਕ ਮੁਸਲਮਾਨ ਪ੍ਰੇਮੀ ਆਇਆ। ਉਸਦੇ ਘਰ ਪੁੱਤਰ ਨਹੀਂ ਸੀ। ਪੁੱਤਰ ਜਨਮ ਲੈਂਦੇ ਪਰ ਅਠਰਾਹ ਦੀ ਬਿਮਾਰੀ ਨਾਲ ਮਰ ਜਾਂਦੇ। ਬਾਬਾ ਜੀ ਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਹ ਪੰਜੇ ਵਕਤ ਦਾ ਨਿਮਾਜ਼ੀ ਹੈ ਅਤੇ ਮਸੀਤ ਵਿੱਚ ਝਾੜੂ ਲਾਉਣ ਦੀ ਸੇਵਾ ਕਰਦਾ ਹੈ। ਬਾਬਾ ਜੀ ਨੇ ਉਸਨੂੰ ਕੁਰਾਨ ਸ਼ਰੀਫ ਦਾ ਅਦਬ ਕਰਨਾ ਸਮਝਾਇਆ ਅਤੇ ਪੰਜੇ ਨਮਾਜ਼ਾਂ ਦਾ ਭਾਵ ਸਮਝ ਕੇ ਜੀਵਨ ਵਿੱਚ ਢਾਲ ਲੈਣ ਦਾ ਉਪਦੇਸ਼ ਦਿੱਤਾ :

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥***
***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥***
***ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥***
*(ਅੰਗ ੧੪੧)*

ਇਸ ਤਰ੍ਹਾਂ ਜਿਸ ਧਰਮ ਦਾ ਕੋਈ ਪ੍ਰੇਮੀ ਆਉਂਦਾ ਉਸਨੂੰ ਉਸੇ ਦੇ ਧਰਮ ਅਨੁਸਾਰ ਉਪਦੇਸ਼ ਕਰਦੇ।

***

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**5. ਪ੍ਰ: ਸ੍ਰੀ ਅਨੰਦਪੁਰ ਸਾਹਿਬ ਕਿਹੜੇ ਗੁਰੂ ਸਾਹਿਬ ਜੀ ਨੇ ਵਸਾਇਆ?**

ਉ: ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ

ਰਾਣੀ ਚੰਪਾ ਤੋਂ 1665 ਈਸਵੀ ਵਿੱਚ ਨੌਂਵੇਂ ਪਾਤਸ਼ਾਹ ਜੀ ਨੇ ਲੋਦੀਪੁਰ, ਮੀਆਂਪੁਰ ਅਤੇ ਸਹੋਟਾ ਪਿੰਡਾਂ ਦੀ ਜ਼ਮੀਨ ਮੁੱਲ ਲੈ ਕੇ ਇਸ ਨਗਰ ਦਾ ਮੁੱਢ ਬੰਨਿਆ ਅਤੇ ਇਸ ਦੀ ਮੋੜ੍ਹੀ ਨੌਂਵੇਂ ਪਾਤਸ਼ਾਹ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਦੀ ਅੰਸ ਬੰਸ ਵਿੱਚੋਂ ਬਾਬਾ ਗੁਰਦਿੱਤਾ ਜੀ ਤੋਂ ਪਿੰਡ ਸਹੋਟਾ ਦੀ ਹੱਦ ਵਿੱਚ ਮਾਖੋਵਾਲ ਦੀ ਥੇਹ ਤੇ ਰਖਵਾਈ। ਇਸ ਨਗਰ ਦਾ ਨਾਂ ਨੌਂਵੇਂ ਪਾਤਸ਼ਾਹ ਜੀ ਨੇ ਆਪਣੇ ਪੂਜਨੀਯ ਮਾਤਾ ਧੰਨ ਧੰਨ ਮਾਤਾ ਨਾਨਕੀ ਜੀ ਦੇ ਨਾਂ ਤੇ ਚੱਕ ਨਾਨਕੀ ਰੱਖਿਆ ਤੇ ਫਿਰ ਜਦੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਲ ਅਵਸਥਾ ਵਿੱਚ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਉਪਰੰਤ ਪਿਤਾ ਜੀ ਦੇ ਦਰਸ਼ਨ ਕੀਤੇ ਤੇ ਸ੍ਰੀ ਅਨੰਦ ਸਾਹਿਬ ਜੀ ਦਾ ਪਾਠ ਸਰਵਣ ਕਰਵਾਇਆ ਤੇ ਨੌਂਵੇਂ ਪਾਤਸ਼ਾਹ ਜੀ ਨੇ ਪਿਆਰ ਵਿੱਚ ਆ ਕੇ ਇਸ ਨਗਰ ਦਾ ਨਾਂ ਸ੍ਰੀ ਅਨੰਦਪੁਰ ਸਾਹਿਬ ਰੱਖ ਦਿੱਤਾ।

***

**6. ਪ੍ਰ: ਗੁਰਮਤਿ ਅਨੁਸਾਰ ਹੋਲੀ ਕਿਵੇਂ ਮਨਾਉਣੀ ਚਾਹੀਦੀ ਹੈ?**

ਉ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗੁਰਮਤਿ ਅਨੁਸਾਰ ਹੋਲੀ ਖੇਡਣ ਦੀ ਜਾਚ ਸਿਖਾਉਂਦੇ ਹਨ।

ਸਤਿਗੁਰੂ ਜੀ ਕਹਿੰਦੇ, ਹੋਲੀ ਖੇਡ ਇਵੇਂ ਸੰਗਤਾਂ ਦੇ ਜੋੜਿਆਂ ਨੂੰ ਝਾੜ, ਸੰਗਤ ਦੀ ਚਰਨ ਧੂੜੀ ਆਪਣੇ ਮਸਤਕ ਤੇ ਲਗਾ। ਇਹੋ ਜਿਹੀ ਹੋਲੀ ਤੇਰੇ ਕਰਮ ਬਦਲਾ ਦੇਵੇਗੀ।

***ਹੋਲੀ ਕੀਨੀ ਸੰਤ ਸੇਵ ॥***

*(ਅੰਗ ੧੧੮੦)*

ਸੰਤ ਦਾ ਅਰਥ ਹੈ, ਮਹਾਂਪੁਰਸ਼, ਬੰਦਗੀ ਵਾਲਾ। ਸੰਗਤ ਵਿੱਚ ਪਤਾ ਨਹੀਂ ਕਿਹੜਾ ਬਖਸ਼ਿਆ ਹੋਵੇ। ਸੰਗਤ ਦੀ ਖੁਸ਼ੀ ਲੈ। ਸੰਗਤ ਦੇ ਜੋੜਿਆਂ ਦੀ ਧੂੜੀ ਲੈ। ਉਸ ਵਿੱਚ ਹੋਲੀ ਖੇਡ। ਜਿਸ ਦਿਨ ਹੋਲੀ ਦਾ ਤਿਉਹਾਰ ਹੋਵੇ, ਮਨ ਵਿੱਚ ਧਾਰ ਉਸ ਦਿਨ ਸੰਗਤਾਂ ਦੇ ਜੋੜੇ ਝਾੜਨੇ ਹਨ। ਉਸ ਦਿਨ ਧੂੜੀ ਵਿੱਚ ਨਹਾਉਣਾ ਹੈ, ਧੂੜੀ ਮੱਥੇ ਨੂੰ

ਲਗਾਉਣੀ ਹੈ।

ਇਹ ਕਿੰਨੀ ਉੱਚੀ ਹੋਲੀ ਹੈ। ਇਹੋ ਜਿਹੀ ਹੋਲੀ ਖੇਡ ਕਿ ਕਲਗੀਧਰ ਪਿਤਾ ਜੀ ਤੇਰੇ ਕੰਮ ਆਪ ਕਰਨ। ਭਾਵ ਜਦੋਂ ਸੇਵਾ, ਸਿਮਰਨ, ਬੰਦਗੀ ਵਿੱਚ ਪੂਰੀ ਤਰ੍ਹਾਂ ਲਿਵ ਜੁੜਨੀ ਸ਼ੁਰੂ ਹੋ ਗਈ ਤੇ ਸਾਰੇ ਕਾਰਜਾਂ ਵਿੱਚ ਕਲਗੀਧਰ ਪਿਤਾ ਜੀ ਆਪ ਸਹਾਈ ਹੋਣਗੇ।

***

**7. ਪ੍ਰ: ਸਿੱਖ ਧਰਮ ਵਿੱਚ ਦਸਤਾਰ ਸਜਾਉਣੀ ਚਾਹੀਦੀ ਹੈ। ਟੋਪੀ ਪਾਉਣ ਦੀ ਮਨਾਹੀ ਹੈ। ਇਹ ਰਹਿਤਨਾਮੇ ਵਿੱਚ ਦਰਜ ਹੈ। (ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ।) ਇਹ ਰਹਿਤਨਾਮਾ ਕਿਹੜੇ ਗੁਰਸਿੱਖ ਜੀ ਵੱਲੋਂ ਲਿਖਿਆ ਗਿਆ ਹੈ?**

ਉ: ਇਹ ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ ਵੱਲੋਂ ਲਿਖਿਆ ਗਿਆ ਹੈ।

***ਹੋਇ ਸਿੱਖ ਸਿਰ ਟੋਪੀ ਧਰੈ।***
***ਸਾਤ ਜਨਮ ਕੁਸ਼ਟੀ ਹੋਇ ਮਰੈ।***

ਕੁਸ਼ਟੀ ਕਹਿੰਦੇ ਹਨ, ਕੋਹੜੀ ਨੂੰ। ਜਿਹੜੇ ਸਿੱਖਾਂ ਦੇ ਬੱਚੇ ਟੋਪੀ ਪਾਉਂਦੇ ਹਨ, ਅੱਜਕਲ੍ਹ ਰਿਵਾਜ ਤੁਰ ਪਿਆ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਮੇਰੀ ਉਸ ਤੇ ਇੰਨੀ ਨਰਾਜ਼ਗੀ ਹੈ ਕਿ ਸਿੱਖਾਂ ਦੇ ਘਰ ਜਨਮ ਲੈ ਕੇ ਤੂੰ ਟੋਪੀ ਪਾਉਂਦਾ ਹੈ, ਤੈਨੂੰ ਸੱਤ ਜਨਮ ਕੋਹੜੀ ਦੇ ਮਿਲਣਗੇ। ਗੌਰ ਕਰਿਓ ਜੀ। ਪੱਗ ਵੀ ਖੋਲ੍ਹ ਕੇ ਬੰਨੋ। ਮਾਇਆ ਵਾਲੀ ਨਹੀਂ, ਜੋ ਦਸ ਦਸ ਦਿਨ ਉਹ ਹੀ ਪਾ ਲੈਂਦੇ ਹਨ।

ਇਨ੍ਹਾਂ ਰਹਿਤਨਾਮਿਆਂ ਤੋਂ ਸਾਨੂੰ ਜੀਵਨ ਨੂੰ ਗੁਰੂ ਆਸ਼ੇ ਮੁਤਾਬਿਕ ਢਾਲਣ ਦੀਆਂ ਬਹੁਤ ਸੋਝੀਆਂ ਮਿਲਦੀਆਂ ਹਨ। ਕੇਸਾਂ ਦੀ ਬੇਅਦਬੀ ਕਿਸੇ ਵੀ ਸਿੱਖ ਨੇ ਜੀਵਨ ਵਿੱਚ ਭੁੱਲ ਕੇ ਵੀ ਨਹੀਂ ਕਰਨੀ ਤੇ ਕੇਸਾਂ ਦੇ ਸਤਿਕਾਰ ਲਈ, ਕੇਸਾਂ ਦੀ ਆਨ-ਸ਼ਾਨ ਲਈ ਸਿੱਖ ਨੇ ਆਪਣੇ ਸਿਰ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖਸ਼ੀ ਹੋਈ ਦਸਤਾਰ ਸਜਾਉਣੀ ਹੈ।

***ਹਰ ਧਰਮ ਦਾ ਕਰੋ ਸਤਿਕਾਰ।***
***ਸਿੱਖ ਲਈ ਜ਼ਰੂਰੀ ਕੇਸ ਤੇ ਦਸਤਾਰ।***

***

**੮. ਪ੍ਰ: ਜਦੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਉਸ ਵੇਲੇ ਗੁਰੂ ਸਾਹਿਬ ਜੀ ਨੇ ਪੰਜ ਸੀਸ ਮੰਗੇ। ਸਭ ਤੋਂ ਪਹਿਲਾਂ ਸੀਸ ਭੇਟ ਕਰਨ ਲਈ ਕੌਣ ਖੜ੍ਹੇ ਹੋਏ?**

ਉ: ਪੰਜ ਪਿਆਰਿਆਂ 'ਚੋਂ ਪਹਿਲੇ ਪਿਆਰੇ ਭਾਈ ਦਇਆ ਸਿੰਘ ਜੀ।

ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਦਇਆ ਸਿੰਘ ਜੀ ਦਾ ਨਾਂ ਦਇਆ ਰਾਮ ਜੀ ਸੀ ਅਤੇ ਆਪ ਜੀ ਲਾਹੌਰ ਦੇ ਨਿਵਾਸੀ ਸਨ। ਇੱਕ ਬਰੀਕੀ ਦੀ ਗੱਲ ਜਿਸ ਸ਼ਹਿਰ ਬਾਰੇ ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਨੇ ਗੁਰਬਾਣੀ ਵਿੱਚ ਬਚਨ ਕੀਤਾ ਹੈ :

***ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥***

*(ਅੰਗ ੧੪੧੨)*

ਉਥੋਂ ਵੇਖੋ ਗੁਰੂ ਸਾਹਿਬ ਜੀ ਨੇ ਦਇਆ ਲਈ ਹੈ। ਧੰਨ ਧੰਨ ਭਾਈ ਦਇਆ ਸਿੰਘ ਜੀ ਨੇ ਆਪਣਾ ਆਪ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਅਰਪਣ ਕਰ ਦਿੱਤਾ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਉਪਰੰਤ ਬਹੁਤ ਸਾਰਾ ਸਮਾਂ ਗੁਰੂ ਸਾਹਿਬ ਜੀ ਦੇ ਨਾਲ ਰਹਿ ਕੇ ਬਤੀਤ ਕੀਤਾ। ਗੁਰੂ ਆਸ਼ੇ ਅਨੁਸਾਰ ਗੁਰੂ ਸਾਹਿਬ ਜੀ ਦੇ ਹੁਕਮ ਦੀ ਪਾਲਣਾ ਕਰਦੇ ਗੁਰੂ ਘਰ ਦੀਆਂ ਵੱਡੀਆਂ-ਵੱਡੀਆਂ ਡਿਊਟੀਆਂ ਨੂੰ ਨਿਭਾਇਆ ਤੇ ਅਖੀਰ ਭਾਈ ਦਇਆ ਸਿੰਘ ਜੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਅਬਚਲ ਨਗਰ ਵਿਖੇ ਸਰੀਰ ਰੂਪੀ ਚੋਲਾ ਤਿਆਗ ਕੇ ਗੁਰੂ ਚਰਨਾਂ ਵਿੱਚ ਜੋਤੀ ਜੋਤ ਸਮਾ ਗਏ।

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਸੰਗ੍ਰਹਿ ਕਰਤਾ-ਸੰਪਾਦਕ

**276**

ਮਾਂ ਦੀ ਅਸੀਸ ਰੱਬ ਦੀ ਦੁਆ ਵਰਗੀ ਹੁੰਦੀ ਹੈ ਜੋ ਡੁੱਬਦੇ ਬੇੜੇ ਨੂੰ ਤਾਰ ਦਿੰਦੀ ਹੈ।

**277**

ਨਿਤਨੇਮ ਦਾ ਪਾਠ ਕਰਨ ਉਪਰੰਤ ਆਪਣੇ ਨੇੜੇ ਦੇ ਗੁਰਦੁਆਰਾ ਸਾਹਿਬ ਦੀ ਹਾਜ਼ਰੀ ਰੋਜ਼ਾਨਾ ਜ਼ਰੂਰ ਭਰੋ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**110**

ਸਭ ਤੋਂ ਨੇਕ ਕੰਮ ਹੈ ਪਰਮੇਸ਼ਰ ਨਾਲ ਬਿਰਤੀ ਜੋੜਨਾ।

**111**

ਅਵਸਥਾ ਹਰ ਕਿਸੇ ਨੂੰ ਮਿਲ ਸਕਦੀ ਹੈ ਜੇ ਸ਼ੌਕ ਨਾਲ ਸੇਵਾ-ਸਿਮਰਨ ਵਿੱਚ ਲੱਗ ਜਾਵੇ।

*—ਭਾਈ ਅਮਰੀਕ ਸਿੰਘ ਗਨੈਸਕ*

# होली एवं होला महल्ला

–स. बलबीर सिंघ

भारत में बहुत सारे त्योहार मौसमी, कुछ हिरण्यकशिपु, मिथहासिक, पौराणिक एवं ऐतिहासिक हैं। कुछ त्योहार ब्राह्मण मत द्वारा प्रचलित वर्ण विभाजन से सम्बंध रखते हैं। इसके बारे में प्रिंसीपल सतबीर सिंघ **'खालसे दे वासी'** पुस्तक में लिखते हैं:

होली ऐसा त्योहार है जो मौसमी है, वर्ण आश्रम के साथ भी जिसका सम्बंध है और ऐतिहासिक घटनायें भी छुपाए बैठा है, होलका, होलिक व होली इसके तीन नाम हैं।

बसंत ऋतु की खुशी, लोग होली वाले दिन एक–दूसरे को लाल गुलाल मलकर प्रकट करते हैं। पुरातन समय में सभी लोग मिलकर इलाके की गंदगी बाहर निकालकर जला देते थे।

होली के त्योहार के साथ मिथहासिक तथा पौराणिक कथा भी जोड़ी हुई है कि हिरण्यकशिपु ने तप करके ब्रह्मा जी से यह वर मांगा था, न मैं दिन में मरूँ और न रात, न अंदर मरूँ और न बाहर, न मनुष्य से मरूँ और न ही पशु से आदि वर प्राप्त कर लिए, जिससे वह अहंकारी हो गया। उसने परमात्मा का भय मन से विसार दिया और एलान कर दिया कोई भी परमात्मा का नाम न जपे। परंतु उनके पुत्र प्रहिलाद जी जले हिरण्यकशिपु थले हिरण्यकशिपु, जपने की जगह केवल राम नाम (परमात्मा) का जाप करते थे। यह ख़बर उसको प्रहिलाद जी के उसतादों संडे तथा अमरक द्वारा शिकायत करने के उपरांत हुई:

*संडा मरका जाइ पुकारे ॥*
*पड़ै नही हम ही पचि हारे ॥*
*रामु कहै कर ताल बजावै*
*चटीआ सभै बिगारे ॥१॥*

*(अंग ११६५)*

**अर्थात :** संडे तथा अमरक ने कहा हम 'जो पढ़ाते है प्रहिलाद जी वो नहीं पढ़ते, बल्कि प्रहिलाद जी हाथों से ताल बजाकर राम नाम (परमात्मा) के गुण गाते हैं उनके कारण अन्य विद्यार्थी भी राम नाम जपते हैं। इस तरह उसने विद्यार्थियों को बिगाड़ दिया है:

*संडै मरकै कहिओ जाइ ॥*
*प्रहलाद बुलाए बेगि धाइ ॥*
*तू राम कहन की छोडु बानि ॥*
*तुझु तुरतु छडाऊ मेरो कहिओ मानि ॥२॥*

*(अंग ११६४)*

**अर्थात :** संडे व अमरक की शिकायत करने पर हिरण्यशिपु ने झट से प्रहिलाद जी को बुलाया तथा पांधे ने समझया, "तू परमात्मा का नाम सिमरन करने की आदत छोड़ दे, मेरा कहना मान ले, मैं तुझे छुड़ा लूँगा।" परंतु प्रहिलाद जी ने जवाब दिया:

*मो कउ कहा सतावहु बार बार ॥*
*प्रभि जल थल गिरि कीए पहार ॥*
*इकु रामु न छोडउ गुरहि गारि ॥*

*मो कउ छालि जारि भावै मारि डारि॥*

*(अंग ११६४)*

**अर्थात** : मुझे बार–बार क्यों तंग करते हो? जिस प्रभु ने पानी, धरती, पहाड़ आदि सारी सृष्टि बनायी है, मैं उस राम का सिमरन नहीं छोड़ूँगा, बेशक आप मुझे जला दो, चाहे मार दो।

*माता उपदेसै प्रहिलाद पिआरे॥*
*पुत्र राम नामु छोडहु जीउ लेहु उबारे॥*

*(अंग ११३३)*

**अर्थात** : माँ ने भी प्रहिलाद को समझाया, पुत्र! राम नाम का सिमरन छोड़कर तू अपनी जान बचा ले।

*प्रहिलादु कहै सुनहु मेरी माइ॥*
*राम नामु न छोडा गुरि दीआ बुझाइ॥२॥*

*(अंग ११३३)*

**अर्थात** : हे माँ! राम नाम (परमात्मा) के सिमरन की मुझे गुरु ने समझ दी है, इस लिए मैं प्रभु की बंदगी नहीं छोड़ूँगा।

*दुसट सभा मिलि मंतर उपाइआ*
*करसह अउध घनेरी॥*
*गिरि तर जलु जुआला भै राखिओ*
*राजा रामि माइआ फेरी॥३॥*

*(अंग ११६५)*

**अर्थात** : जब प्रहिलाद जी अपने आदर्श से न डोले तो दुष्ट सभा ने उसको मारने का हुक्म दिया। फिर पहाड़ तथा वृक्ष से फेंक दिया, पानी में डुबाकर और आग में जलाकर मारने के यत्न किए। किंतु परमात्मा ने अपने भक्त के सभी भय दूर करके उसकी रक्षा की।

*हाथि खड़गु करि धाइआ अति अहंकारि॥*
*हरि तेरा कहा तुझु लए उबारि॥*

*(अंग ११३३)*

**अर्थात** : आखिर में हिरण्यकशिपु नंगी तलवार हाथों में लेकर बड़े अहंकार में गरजकर बोला, कहाँ है तेरा हरि (परमात्मा) जो तुझे मुझ से बचा ले? और फिर उस समय कौतुक हुआ :

*प्रभ थंभ ते निकसे कै बिसथार॥*
*हरनाखसु छेदिओ नख बिदार॥४॥*

*(अंग ११६४)*

**अर्थात** : परमात्मा भयानक रूप धरकर थम में से निकले तथा उसको अपनी गोद में बिठाकर नाखुनों से हिरण्यकशिपु को काट दिया।

इस तरह गुरबाणी में भक्त प्रहिलाद जी की विजय का वर्णन करके लोकाई को समझाया है कि मनुष्य चाहे जितना भी अहंकारी और ज़ालिम क्यों न हो, परमात्मा उसका नाश कर देता है तथा अपने भक्तों की लाज रखता है।

यह भी कथा प्रसिद्ध है कि होलिका हिरण्यकशिपु की बहन ने तप करके शिवजी से एक दुपट्टा प्राप्त किया। जिस पर आग का असर नहीं होता था। उसने अपने इर्द–गिर्द दुपट्टा लपेटा और अपने भतीजे प्रहिलाद जी को गोद में लेकर चिखा पर बैठ गई। परंतु प्रभु के हुक्म के अनुसार वह दुपट्टा उड़कर प्रहिलाद जी पर आ पड़ा जिसके कारण वह (होलिका) तो जलकर स्वाह हो गई परंतु प्रभु के भक्त प्रहिलाद जी बच गए।

इस घटना के आधार पर होलिका का बुत जलाकर उसकी स्वाह होली वाले दिन उड़ाई जाती है। इस तरह इस त्योहार का नाम होलिका दहन भी है। श्री मद भागवत् पुराण की

कथा के अनुसार गोपियों ने श्री कृष्ण जी के साथ रंग उड़ाकर खूब होली खेली। मूल रूप में यह त्योहार, बसंत ऋतु की खुशी, प्रहिलाद की जीत और सफाई दिवस के रूप में मनाया जाता है। किंतु अफसोस से लिखना पड़ रहा है कि इस दिन कुछ लोग शराब पीते हैं। लाल गुलाल मलने के साथ, गोहा, कीचड़, लुक्क और कूड़ा भी एक–दूसरे पर फेंकते हैं और अभद्र मज़ाक एवं छेड़–छाड़ करते हैं। जिससे लड़ाई–झगड़े और फसाद पैदा हो जाते हैं और नौबत कत्लों तक पहुँच जाती है। हमें होली के त्योहार को समझने की ज़रूरत है।

कई सिक्ख भाई भी देखा–देखी एक–दूसरे पर रंग फेंकते हैं जबकि रंगों से खेली जाने वाली होली का सिक्ख मत से कोई सम्बंध नहीं है। बसंत ऋतु के इस त्योहार की खुशी भरपूर मनाने के लिए श्री गुरु अरजन देव जी इस तरह बताते हैं:

***आजु हमारै ग्रिहि बसंत।।***
***गुन गाए प्रभ तुम् बेअंत।।१ रहाउ।।***
***आज हमारै बने फाग।।***
***प्रभ संगी मिलि खेलन लाग।।***
***होली कीनी संत सेव।।***
***रंगु लागा अति लाल देव।।२।।***

*(अंग ११८८)*

**अर्थात** : जैसे बसंत ऋतु आने से चारों तरफ खेड़ा (आनंद) आ जाता है इसी तरह प्रभु के सिफति सलाह वाले गीत गाने से हृदय से बसंत जैसा खेड़ा आ जाता है। साध संगत में संत जन नाम सिमरन का रंग चढ़ाने वाली होली खेलते हैं। जिससे आत्मिक रंग और गूड़ा (प्रगाढ़) हो जाता है। संतों की सेवा करना ही होली है। जिनकी संगत की बरकत से मनुष्य के अंदर परमात्मा के प्यार का रंग गूड़ा चढ़ जाता है।

सिक्खों को शस्त्र धरण तथा इनकी सिखलाई के लिए प्रेरणा देने के लिए श्री गुरु गोबिंद सिंघ जी ने होली को नवीन ढंग से खेलने की विधि बतायी:

***बान चले तेई कुंकम मानहु***
***मूठ गुलाल की सांग प्रहारी।।***
***ढाल मानों डफ माल बनी***
***हथ नाल बंदूक छुटे पिचकारी।।***
***सउन भरे पट बीरन के***
***उपमा जनु घोर के केसर क्रारी।।***
***खेलत फागु के बीर लरै***
***नवला सो लए करवार कटारी।।***

***(क्रिशनावतार)***

**अर्थात** : जो तीर चले उसको केसर छिड़का जानो, जो बर्छी उठी उस को मुट्ठियों से गुलाल बिखेरना देखो। जो बंदूकें चल रही हैं उसको पिचकारी में रंग डालकर फेंका देखो। शूरवीरों के खून से लथपथ वस्त्रों को केसर घोलकर पुशाकों पर डाला समझो। शूरवीर तलवारें व कटारें उठाये लड़ रहे हैं, इनको नर्म–नर्म खिले फूल फेंके समझो।

सन् 1680 ई॰ को दशम पातशाह जी ने श्री आनंदपुर साहिब में होलगढ़ में होली से अगले दिन होले महल्ले की रीति आंरभ की थी। होला और महल्ला कर्मशः अरबी और फारसी भाषा के शब्द हैं जिनका अर्थ हमला और हमले वाली जगह है। इस सम्बंधी सिक्ख पंथ के महान विद्वान भाई कान्ह सिंघ नाभा बहुत ही सपष्ट

लिखते हैं:

"युद्ध कला के अभ्यास को नित्य नया रखने के लिए कलगीधर पातशाह जी की चलाई हुई रीति के अनुसार चेत वदी एक को सिक्खों में होला–महल्ला होता है। जिसका होली की रस्म से कोई सम्बंध नहीं है। महल्ला एक प्रकार की नकली लड़ाई है। पैदल, घुड़सवार, शस्त्रधारी सिंघ दो दल बनाकर एक खास हमले की जगह पर हमला करते हैं। किंतु हम वर्ष के बाद इसको रस्म मात्र निभा देते हैं, लाभ कुछ नहीं उठाते। शस्त्र विद्या से अनजान सिक्ख खालसा धर्म के नियमों के अनुसार अधूरा सिक्ख है। शोक है कि अब सिक्खों ने शस्त्र विद्या को अपनी कौमी विद्या नहीं समझा, सिर्फ फौजियों का कर्त्तव्य मान लिया। दशमेश पिता जी का उपदेश है कि हर एक सिक्ख पूरा सिपाही हो तथा शस्त्र विद्या का अभ्यास करे।"

इस दिन दोनों दलों की होती मुठभेड़ को दशम पिता जी खुद देखते हैं और दोनों दलों को बताते हैं कि हमला कब और कहाँ करना है। विजयी दल को सिरोपाउ देकर निवाजा जाता था। वह सिक्खों में इतनी हिम्मत भरना चाहते थे कि नाजुक चिड़ियां भी दरिंदे बाज़ों को नोच–नोचकर खा जाएं :

*इन ही को सरदार सजाऊँ ।।*
*तबे गोबिंद सिंघ नाम कहाऊँ ।।*
*चिड़ीअन से मै बाज तड़ाऊँ ।।*
*तबे गोबिंद सिंघ नाम कहाऊँ ।।*

इस लिए श्री गुरु गोबिंद सिंघ जी ने सिंघों को शस्त्रधारी होने का हुक्म किया था:

*पुंन संग सारे प्रभु सुनाई ।।*
*बिना तेग तीर रहो न भाई ।।*
*बिन शशतर केसं नरं भेड जानो ।।*
*गाहै कल ता को किते लै सिधानो ।।*
*इह मोर आगिआ सुनो हे पिआरे ।।*
*बिना केस तेग हो दिउ न दिदारे ।।*

*(गुर बिलास पातशाही दसवीं अधिआई २३)*

सो गुरु साहिब का हुक्म मानकर प्रत्येक सिक्ख को शस्त्र धारण करने चाहिए और साथ यह भी स्मर्ण रखना चाहिए :

***खां कार अज़ हमा हीलते हर गुज़शत ।।***
***हलाल असत बुरदन ब समशीर दसत ।।***

*(जफरनामा)*

**अर्थात :** हथियारों का प्रयोग तभी ही जायज़ है, जब अन्य सभी प्रयास खत्म हो जाएँ। सिक्खों ने शब्द की जन्म घुट्टी तथा शस्त्रों का संग करके संत सिपाही बनना है। तलवार उनके लिए कृपाण है जिसका प्रयोग उन्होनें मज़लूमों पर दया, उनकी रक्षा करने तथा अपने स्वभिमान के लिए करनी है।

होला–महल्ला से यह अभिप्राय है कि जैसे होलगढ़ से चढ़कर हमले वाली जगह पर हमला कर फतहि हासिल करनी है फिर अगमपुर जाना है, उसी प्रकार मनुष्य ने अपने अंदर बैठे पाँच विकार चिंता, आसा, नफरत, दूेष, भावना जैसे दुश्मनों पर हमले करके फतहि हासिल करनी है तो ही अगम प्रभु को मिला जा सकता है।

अंत में यह कहा जा सकता है कि संत बनने के साथ–साथ सिपाही बनना ही होले–महल्ले की प्रेरणा है। नेजेबाज़ी, गत्का तथा अन्य युद्ध कला के अभ्यास के घोल, रस्साकसी तथा शारीरिक बल देने वाली अन्य खेल–खेलकर इस पावन दिवस को मनाया जाना चाहिए।

***

# श्री आनंदपुर साहिब की धरती पर क्या–क्या कौतुक हुए?

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

–जसविन्द्र सिंघ (पटियाला)

*सूही महला ५ ॥*

*हरि जपे हरि मंदरु साजिआ*
*संत भगत गुण गावहि राम॥*
*सिमरि सिमरि सुआमी प्रभु अपना*
*सगले पाप तजावहि राम॥*
*हरि गुण गाइ परम पदु पाइआ*
*प्रभ की ऊतम बाणी॥*
*सहज कथा प्रभ की अति मीठी*
*कथी अकथ कहाणी॥*
*भला संजोगु मूरतु पलु साचा*
*अबिचल नीव रखाई॥*
*जन नानक प्रभ भए दइआला*
*सरब कला बणि आई॥१॥*

*(अंग ७८१)*

जब श्री आनंदपुर साहिब की स्थापना हुई। स्थापना कहते हैं, नींव रखनी। स्थापना की तो यह शब्द लिया है:

*भला संजोगु मूरतु पलु साचा*
*अबिचल नीव रखाई॥*

*(अंग ७८१)*

बिलासपुर का राजा, वह स्वर्ग सिधार गया। उस की रानी डूंगर चम्पा। धन्य श्री गुरु तेग बहादुर जी, उसके अंतिम समय पर गए तो फिर विनती की रानी ने, महाराज जी, ये जो जगह है, उजड़ी पड़ी है। इसको आबाद करो। ये अब जो जगह है श्री आनंदपुर साहिब की, यह आबाद क्यों नहीं हो रही थी? गलत चीजों का वास था। और इस धरती का नाम था माखोवाल। माखोवाल एक दैत्य था और इस की आगे फौज भी थी। वहाँ किसी को बसने नहीं देता था। धन्य श्री गुरु तेग बहादुर जी महाराज कहने लगे रानी को कि इस जगह को जरुर बसाएँगे। आबाद करेंगे जरुर। तुम यह जगह हम को दे रही हो, हम यह जगह जरुर लेंगे पर मूल्य दे कर लेंगे। माया दे कर लेंगे। कल को तुम्हारी पीढ़ी में से कोई यह न कहे कि हमारी जगह पर कब्जा कर लिया है। वह फिर महाराज जी ने सारी जगह रजिस्टरी करवाई। अब वह समय नहीं रहा। बहुत सारे प्रचारक बताते हैं कि तांबे के पत्रों पर रजिस्टरी होती थी। उस समय का 2200 रुपया। कहीं पर गिनती कम ज्यादा भी लिखी है तथा धन्य श्री गुरु तेग बहादुर जी महाराज ने बाबा बुड्ढा साहिब जी के पोत्रे, बाबा गुरदित्ता जी से, वह भी ब्रह्म आत्मा थे, उन से साध संगत जी यह

नींव रखवाई। बाबा गुरदित्ता जी, बाबा बुड्ढा साहिब जी के पोत्रे, उन से नींव रखवाई। धन्य श्री गुरु तेग बहादुर साहिब जी पास खड़े थे और तब फिर धन्य श्री गुरु तेग बहादुर साहिब जी ने अपने माता जी, माता नानकी जी, जिनकी बहुत कमाई थी, उनके नाम पर इस जगह का नाम रखा, चक्क नानकी। कह दो एक बार प्यार से :

*मेरा घरु बनिआ बनु तालु बनिआ*
*प्रभ परसे हरि राइआ राम॥*

*(अंग ७८२)*

जब धन्य श्री गुरु गोबिंद सिंघ जी महाराज पटना साहिब से श्री आनंदपुर साहिब आए और पहली बार अपने पिता जी के दर्शन किए और जब धन्य श्री गुरु तेग बहादुर जी महाराज ने बालक गोबिंद राए जी को देखा तो मुख से निकला :

*अनंदु भइआ मेरी माए सतिगुरु मै पाइआ॥*
*सतिगुरु त पाइआ सहज सेती*
*मनि वजीआ वाधाईआ॥*

*(अंग ६१७)*

धन्य गुरु गोबिंद सिंघ जी महाराज की बाल अवस्था थी और पिता जी सामने, धन्य श्री गुरु तेग बहादुर साहिब जी महाराज। यहाँ मेल हुआ धन्य गुरु गोबिंद सिंघ जी और नौवें पातशाह जी का। सारा अनंदु साहिब जी का पाठ इस वैराग में किया। हमारे पिता, धन्य श्री गुरु तेग बहादुर साहिब, सर्व शक्ति के मालिक, उसी समय कहने लगे, बाल गोबिंद राय जी के मुख से अनंदु साहिब जी की पउड़ियाँ तथा अनंदु साहिब जी का सारा पाठ सुनकर समय बहुत आनंद वाला बना है, आज से इस धरती का नाम ही आनंदपुर साहिब हुआ। उस समय यह नाम पड़ा।

इस पावन धरती पर धन्य श्री गुरु गोबिंद सिंघ जी महाराज एक साल नहीं, दो साल नहीं, दस नहीं, पन्द्रह नहीं, अठारह नहीं, बीस नहीं, बाईस नहीं, चौबीस नहीं, पूरे उन्नतीस साल रहे। आप परमेश्वर का रूप, धन्य श्री गुरु गोबिंद सिंघ जी महाराज, श्री आनंदपुर साहिब पूरे उन्नतीस साल रहे हैं।

*मेरा घरु बनिआ बनु तालु बनिआ*
*प्रभ परसे हरि राइआ राम॥*

*(अंग ७८२)*

जहाँ उन्नतीस साल पूर्ण शक्ति रही हो। देखो कितनी बड़ी है श्री आनंदपुर साहिब जी की महानता, वर्ल्ड में कहीं मिसाल नहीं है इस बात की। श्री आनंदपुर साहिब जी की धरती, वह धरती है जहाँ से बाल अवस्था में धन्य श्री गुरु गोबिंद सिंघ जी महाराज ने आपने पिता जी को भेजा था शीश देने के लिए, यह वह धरती है। नौ वर्ष की आयु थी, पिता जी बैठे थे, धन्य श्री गुरु तेग बहादुर साहिब जी और कश्मीर के पंडित दुहाई दे रहे हैं कि हमारे साथ यह हो रहा है, हमारे साथ वह हो रहा है। उनकी दुहाई को बालक गोबिंद राय जी सुन नहीं सके। गोबिंद राय जी अपने पिता धन्य श्री गुरु तेग बहादुर साहिब जी को कहते हैं, ये पंडित क्यों रो रहे हैं? पिता जी कहते, इन का धर्म संकट में है। सवा मण जनेउ तोल कर ही कुछ खाता है, औरंगजेब। गोबिंद राय जी कहने लगे, पिता जी, कैसे बच सकता है इनका धर्म? नौंवे पातशाह जी कहने लगे, किसी पूर्ण पुरख को

शीश देना पड़ेगा, शहीदी देनी पड़ेगी। नौ वर्ष आयु क्या होती है? बालक गोबिंद राय जी, क्या उत्तर देते हैं, धन्य श्री गुरु तेग बहादुर जी महाराज को, पिता जी, आप से बड़ा पूर्ण पुरख और कौन हो सकता है, पकड़ो इनकी बांह। यह वह धरती है। क्या उनको यह पता नहीं था, यदि शहीदी देने भेज रहे हैं, मेरी अपनी माता के सिर का सांई जाएगा। दास बात कहना चाहता है कि श्री आनंदपुर साहिब की धरती बड़ी भाग्य वाली धरती है जिस धरती में यह खुशबू आती हैः

*सतिगुरु सभना दा भला मनाइदा*
*तिस दा बुरा किउ होइ।।*

*(अंग ३०२)*

जिस धरती से यह खुशबू आती हैः

*सतिगुरु अंदरहु निरवैरु है*
*सभु देखै ब्रहमु इकु सोइ।।*

*(अंग ३०२)*

वह धरती जिस धरती से यह खुशबू आती हैः

*नानक नाम चड़दी कला।।*
*तेरे भाने सरबत दा भला।।*

वह धरती जिस धरती से यह खुशबू आती हैः

*जो सरणि आवै तिसु कंठि लावै*
*इहु बिरदु सुआमी संदा।।*

*(अंग ५४४)*

जो शरण आए उसको कंठ लगाने वाले।

*मेरा घरु बनिआ बनु तालु बनिआ*
*प्रभ परसे हरि राइआ राम।।*

*(अंग ७८२)*

यह श्री आनंदपुर साहिब आपका वह घर है, वह जगह है जिस जगह से सबसे बड़ी दात, धन्य श्री गुरु गोबिंद सिंघ जी महाराज ने, अमृत की दात झोली में डाली :

*सुरि नर मुनि जन अंम्रितु खोजदे*
*सु अंम्रितु गुर ते पाइआ।।*

*(अंग ६१८)*

